# ਪ੍ਰਿੰ. ਹਰਭਜਨ ਸਿੰਘ ਜੀ :
# ਲਾਸਾਨੀ ਸ਼ਖ਼ਸੀਅਤ

• *ਲੇਖਕ ਦੀਆਂ ਹੋਰ ਪੁਸਤਕਾਂ*

# *ਪ੍ਰਿੰ. ਹਰਭਜਨ ਸਿੰਘ ਜੀ :*
# *ਲਾਸਾਨੀ ਸ਼ਖ਼ਸੀਅਤ*

ਪ੍ਰੋ. ਅਜੀਤ

**ਸ਼ਿਲਪੀ ਪ੍ਰਕਾਸ਼ਨ**
ਪਾਸ਼ਟਾਂ–144408 (ਕਪੂਰਥਲਾ)

**Principal Harbhajan Singh : Unique Personality**
**by :**
*Prof. Ajit©*

**ISBN :**

ਸਮਰਪਣ

**ਸੰਸਕਰਣ**
**2015**

*ਪ੍ਰਕਾਸ਼ਕ :*
**ਸ਼ਿਲਪੀ ਪ੍ਰਕਾਸ਼ਨ**
ਕਾਲਜ ਰੋਡ, ਪਾਸ਼ਟਾਂ
ਕਪੂਰਥਲਾ (ਪੰਜਾਬ) 144408

*ਮੁੱਲ :*
**120/-**

*ਪ੍ਰਿੰਟਰ :*
ਆਰਨਾ ਪ੍ਰਿੰਟਰਜ, ਪਟਿਆਲਾ

*Published by :*
**Shilpi Prakashan**
College Road, Panshta
Kapurthala (Pb) 144408
Ph : 098152 36982 • 94176 63629

## *ਤਰਤੀਬ*


ਪ੍ਰਿੰ. ਹਰਭਜਨ ਸਿੰਘ ਲਾਸਾਨੀ ਸ਼ਖ਼ਸੀਅਤ 9
ਉਨ੍ਹਾਂ ਦੀ ਸ਼ਖ਼ਸੀਅਤ 10
ਅਧਿਆਪਨ ਦਾ ਤਜਰਬਾ 10
ਸਕੂਲ ਦੀਆਂ ਖੇਡਾਂ ਵਿਚ ਪ੍ਰਾਪਤੀਆਂ 14
ਮੈਂਗੋ ਸੀਜਨ ਟੂਰਨਾਮੈਂਟ 15
ਕਾਲਜ ਦਾ ਐਲਾਨ 16
ਸੁਪਨਾ ਪੂਰਾ ਹੋਇਆ 19
ਲੜਕਿਆਂ ਦਾ ਹੋਸਟਲ 19
ਪ੍ਰਿੰਸੀਪਲ ਸਾਹਿਬ ਦੀ ਆਪ ਸੂਝ 19
ਹੜਤਾਲ ਖੁੱਲ੍ਹ ਗਈ 20
ਪ੍ਰੋਫ਼ੈਸਰ ਕਰਮਜੀਤ ਸਿੰਘ ਜੀ 21
ਪ੍ਰੋਫ਼ੈਸਰ ਸੁਰਜੀਤ ਸਿੰਘ ਜੀ 21
ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 22
ਸਕੂਲ ਕਾਲਜ ਦੀਆਂ ਘੰਟੀਆਂ 24
ਸਭਿਆਚਾਰਕ ਗਤੀਵਿਧੀਆਂ 24
ਫੁੱਟਬਾਲ ਦੀ ਚੜ੍ਹਤ ਤੇ ਜਰਨੈਲ ਸਿੰਘ 25
ਜਰਨੈਲ ਸਿੰਘ 26
ਤਰਸੇਮ ਸਿੰਘ ਭਾਰਟਾ 27
ਸ. ਮਹਾਂ ਸਿੰਘ ਕੈਂਡੋਵਾਲ 28
ਲੈਫਟੀਨੈਂਟ ਮਨੋਹਰ ਸਿੰਘ 28
ਪ੍ਰਿੰਸੀਪਲ ਸਾਹਿਬ ਜੀ ਦੀ ਸੇਵਾ ਮੁਕਤੀ 28
ਸਪੋਰਟਿੰਗ ਕਲੱਬ ਤੇ ਫੁੱਟਬਾਲ ਟੂਰਨਾਮੈਂਟ 29
ਮੁਣਸ਼ੀ ਫਤਹਿ ਸਿੰਘ ਜੀ 30

ਮਾਹਿਲਪੁਰ ਦਾ ਜ਼ੈਲਦਾਰ ਪਰਿਵਾਰ 31
ਆਮ ਲੋਕਾਂ ਬਾਰੇ 32
ਸ਼ਰਧਾ 33
ਇਕ ਵੱਡਾ ਦੁੱਖ 33
ਪਹਿਲੀ ਪੀੜ੍ਹੀ ਦੇ ਪਲੇਅਰ 34
ਦੂਜੀ ਪੀੜ੍ਹੀ ਦੇ ਪਲੇਅਰ 34
ਫੁੱਟਬਾਲ ਅਕੈਡਮੀ 35
ਆਓ ਸੋਚੀਏ 37
ਨਵੇਂ ਸਿਰੇ ਤੋਂ ਵੀ ਹੋ ਸਕਦਾ 38
ਟਿਊਸ਼ਨ ਦਾ ਦੌਰ 39
ਅਸੀਂ ਕੀ ਕਰ ਸਕਦੇ ਹਾਂ 39
ਧੰਨਵਾਦ 41
ਤਸਵੀਰਾਂ ਮੂੰਹੋਂ ਬੋਲਦੀਆਂ 47


*

# ਪ੍ਰਿੰ. ਹਰਭਜਨ ਸਿੰਘ ਜੀ : ਲਾਸਾਨੀ ਸ਼ਖ਼ਸੀਅਤ

ਪ੍ਰਿੰਸੀਪਲ ਹਰਭਜਨ ਸਿੰਘ ਜੀ ਵਿੱਦਿਆ ਦੇ ਖੇਤਰ ਵਿੱਚ ਇੱਕ ਲਾਸਾਨੀ ਸ਼ਖ਼ਸੀਅਤ ਸਨ। ਮਾਹਿਲਪੁਰ ਇਲਾਕੇ ਲਈ ਵਿੱਦਿਆ ਦੇ ਖੇਤਰ ਵਿੱਚ ਉਨ੍ਹਾਂ ਦੀ ਦੇਣ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ। ਇਸ ਇਲਾਕੇ ਵਿੱਚ ਪਰ ਜੀਅ ਦੇ ਹਿਸਾਬ ਨਾਲ਼ ਜ਼ਮੀਨ ਦਾ ਰਕਬਾ ਬਹੁਤ ਘੱਟ ਹਿੱਸੇ ਆਉਂਦਾ ਸੀ। ਬਹੁਤੀ ਜ਼ਮੀਨ ਚੋਆਂ ਤੇ ਹੜ੍ਹਾਂ ਦੀ ਮਾਰ ਹੇਠ ਰਹਿੰਦੀ ਸੀ ਤੇ ਸਿੰਜਾਈ ਦੇ ਸਾਧਨ ਬਹੁਤ ਨਿਗੂਣੇ ਸਨ। ਲੁਕਾਈ ਲਈ ਰੁਜ਼ਗਾਰ ਦਾ ਇੱਕੋ-ਇੱਕ ਰਸਤਾ ਫ਼ੌਜ ਦੀ ਨੌਕਰੀ ਸੀ। ਸੋ ਪ੍ਰਿੰਸੀਪਲ ਸਾਹਿਬ ਵਲੋਂ ਵਿੱਦਿਆ ਦਾ ਪ੍ਰਬੰਧ ਇੱਕ ਰੱਬੀ ਦੇਣ ਵਰਗੀ ਸੁਗ਼ਾਤ ਸੀ। ਉਨ੍ਹਾਂ ਦੇ ਇਸ ਉਪਰਾਲੇ ਨਾਲ਼ ਇਸ ਇਲਾਕੇ ਦੇ ਲੋਕ ਉੱਚ ਵਿੱਦਿਆ ਪ੍ਰਾਪਤ ਕਰਕੇ ਦੇਸ਼-ਵਿਦੇਸ਼ ਵਿੱਚ ਵੱਡੀਆਂ-ਵੱਡੀਆਂ ਪੱਦਵੀਆਂ ਉੱਤੇ ਪਹੁੰਚ ਗਏ। ਜੇਕਰ ਪੂਰੇ ਭਾਰਤ ਵਿੱਚ ਮਾਹਿਲਪੁਰ ਇਲਾਕੇ ਦੀ ਪੜ੍ਹੇ-ਲਿਖੇ ਹੋਣ ਦੀ ਪਛਾਣ ਬਣੀ ਹੈ ਤਾਂ ਉਸ ਦੀ ਸ਼ੁਰੂਆਤ ਪ੍ਰਿੰਸੀਪਲ ਸਾਹਿਬ ਨੇ ਕੀਤੀ। ਮਾਹਿਲਪੁਰ ਇਲਾਕੇ ਵਿੱਚ ਜਦ ਵੀ ਇਲਾਕੇ ਦੇ ਵਸਨੀਕ ਵਿੱਦਿਆ ਬਾਰੇ ਗੱਲ ਕਰਦੇ ਹਨ ਤਾਂ ਚਰਚਾ, ਮਾਹਿਲਪੁਰ ਸਕੂਲ, ਕਾਲਜ ਤੇ ਪ੍ਰਿੰਸੀਪਲ ਹਰਭਜਨ ਸਿੰਘ ਜੀ ਉੱਤੇ ਕੇਂਦਰਿਤ ਹੋ ਜਾਂਦੀ ਹੈ।

ਇਹ ਕੁੱਝ ਲਿਖਣ ਦਾ ਮੰਤਵ ਪ੍ਰਿੰਸੀਪਲ ਹਰਭਜਨ ਸਿੰਘ ਜੀ ਨੂੰ ਸ਼ਰਧਾਂਜ਼ਲੀ ਅਰਪਣ ਕਰਨਾ ਹੈ। ਉਨ੍ਹਾਂ ਨੂੰ ਯਾਦ ਕਰਕੇ ਕਈ ਵਿਚਾਰ ਮਨ ਵਿੱਚ ਫਿਲਮ ਵਾਂਗ ਘੁੰਮਣੇ ਸ਼ੁਰੂ ਹੋ ਜਾਂਦੇ ਹਨ। ਜਿਵੇਂ ਕਿ ਉਹ ਸਾਦੇ, ਸੱਚੇ-ਸੁੱਚੇ, ਹਮਦਰਦ ਤੇ ਨਿਰਮਲ ਇਨਸਾਨ ਸਨ। ਹਰ ਦਰਜੇ ਤੇ ਹਰ ਧਰਾਤਲ ਦੇ ਵਿਦਿਆਰਥੀਆਂ ਨੂੰ ਉਹ ਇੱਕ ਅੱਖ ਨਾਲ਼ ਵੇਖਦੇ ਸਨ। ਊਚ-ਨੀਚ ਦੀ ਭਾਵਨਾ ਕਦੇ ਉਨ੍ਹਾਂ ਦੇ ਨੇੜਿਓ ਵੀ ਨਹੀਂ ਲੰਘੀ ਸੀ। ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ਼ ਸੀ ਕਿ ਵਿੱਦਿਆ ਹੀ ਇਨਸਾਨ ਦਾ ਪਾਰ ਉਤਾਰਾ ਕਰ ਸਕਦੀ ਹੈ। ਉਹ ਜਿੱਥੇ ਵੀ ਗਏ ਉਨ੍ਹਾਂ ਨੇ ਆਪਣੇ ਫਰਜ਼ ਨੂੰ ਸਰਵੋਤਮ ਜਾਣਿਆ। ਇਸੇ ਲਈ ਉਨ੍ਹਾਂ ਦੀ ਹਰ ਸਕੂਲ ਵਿੱਚ ਕਦਰ ਪਈ ਤੇ ਉਸ ਇਲਾਕੇ ਵਿੱਚ ਉਨ੍ਹਾਂ ਦੇ ਤਰਾਸ਼ੇ ਹੋਏ ਹੀਰੇ ਅੱਜ ਤੱਕ ਚਮਕਾਂ ਮਾਰਦੇ ਹਨ। ਉਹ ਪੜ੍ਹਾਈ ਨੂੰ ਇਨਸਾਨ ਦੀ ਸਮੁੱਚੀ ਸ਼ਖ਼ਸੀਅਤ ਨੂੰ ਪਰਫੁੱਲਤ ਕਰਨ ਦਾ ਸਾਧਨ ਸਮਝਦੇ ਸਨ। ਪਹਿਲਾਂ ਚੰਗਾ ਇਨਸਾਨ ਬਣਾਉਣਾ, ਫਿਰ ਪੜ੍ਹਾਈ ਦੇ ਖੇਤਰ ਵਿੱਚ ਕਮਾਲ (Excellence) ਤੇ ਫਿਰ ਜਿਸਮਾਨੀ ਤੌਰ 'ਤੇ ਪੂਰੇ ਫਿੱਟ ਤੇ ਚੁਸਤ-ਦਰੁੱਸਤ। ਉਹ ਹਰ ਵਿਦਿਆਰਥੀ 'ਤੇ ਨਜ਼ਰ ਰੱਖਦੇ ਸਨ ਤੇ ਜੋ ਉਨ੍ਹਾਂ ਦੀ ਨਜ਼ਰ ਚੜ੍ਹ ਗਏ, ਉਹ ਤਰ ਗਏ।

ਉਨ੍ਹਾਂ ਦੀ ਇਸ ਅਦੁੱਤੀ ਦੇਣ ਬਾਰੇ ਗੱਲ ਕਰਨ ਤੋਂ ਪਹਿਲਾਂ ਸਾਨੂੰ ਉਨ੍ਹਾਂ ਦੇ ਜੀਵਨ ਉੱਤੇ ਝਾਤ ਮਾਰਨੀ ਲਾਹੇਵੰਦ ਹੋਵੇਗੀ।

ਬਚਪਨ ਵਿੱਚ ਹੀ ਉਨ੍ਹਾਂ ਦੇ ਸਿਰ ਉੱਤੋਂ ਉਨ੍ਹਾਂ ਦੇ ਪਿਤਾ ਜੀ ਦਾ ਸਾਇਆ ਉੱਠ ਗਿਆ ਸੀ। ਉਨ੍ਹਾਂ ਦੇ ਪਿਤਾ ਸ. ਨੱਥਾ ਸਿੰਘ ਤਹਿਸੀਲਦਾਰ ਦਾ ਅਚਾਨਕ ਤੁਰ ਜਾਣਾ ਪਰਿਵਾਰ ਲਈ ਅਸਹਿ ਸੱਟ ਸੀ। ਉਸ ਸਮੇਂ ਹਰਭਜਨ ਸਿੰਘ (ਪ੍ਰਿੰਸੀਪਲ ਸਾਹਿਬ) ਉਚਾਟ ਹੋ ਗਏ ਤੇ ਪੈਰੀਂ ਅਉਣ ਲਈ ਕਾਫੀ ਸਮਾਂ ਲੱਗਾ। ਜ਼ਮੀਨ ਦੀ ਮਾਲਕੀ ਮਾਮੂਲੀ ਸੀ। ਸੋ ਉਨ੍ਹਾਂ ਦੇ ਮਾਤਾ ਜੀ ਅਤੇ ਸਕੇ ਸੰਬੰਧੀਆਂ ਨੇ ਉਨ੍ਹਾਂ ਨੂੰ ਵਿੱਦਿਆ ਪ੍ਰਾਪਤ ਕਰਨ ਲਈ ਪ੍ਰੇਰਿਆ। ਇਸ ਵਿੱਚ ਉਨ੍ਹਾਂ ਦੇ ਪਰਿਵਾਰ ਦੇ ਸਤਿਕਾਰਯੋਗ ਨਜ਼ਦੀਕੀ ਮੁਣਸ਼ੀ ਫਤਹਿ ਸਿੰਘ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਮੁਣਸ਼ੀ ਫਤਹਿ ਸਿੰਘ ਜੀ ਆਪ ਇੱਕ ਕੁਸ਼ਲ, ਨਿਪੁੰਨ ਤੇ ਯੋਗ ਅਧਿਆਪਕ ਸਨ।

## ਉਨ੍ਹਾਂ ਦੀ ਸ਼ਖ਼ਸੀਅਤ

ਪ੍ਰਿੰਸੀਪਲ ਸਾਹਿਬ ਦਾ ਤਸੱਵਰ (Vision) ਬੇ-ਮਿਸਾਲ ਸੀ। ਜੋ ਕੁੱਝ ਉਨ੍ਹਾਂ ਵਿੱਦਿਆ ਦੇ ਖੇਤਰ ਵਿੱਚ ਕੀਤਾ ਹੈ ਉਸਦੀ ਵਿਆਖਿਆ, ਮੁਲਾਂਕਣ ਤੇ ਗੁਣਗਾਣ ਕਰਨਾ ਅਜੇ ਬਾਕੀ ਹੈ। ਆਪਣੇ ਵਿਦਿਆਰਥੀ ਜੀਵਨ ਵਿੱਚ ਉਹ ਬਹੁਤ ਹੀ ਸੁਸ਼ੀਲ, ਸੁਘੜ, ਸਿਆਣੇ ਤੇ ਮਿਹਨਤੀ ਸਨ। ਉਨ੍ਹਾਂ ਨੂੰ ਵਿੱਦਿਆ ਪ੍ਰਾਪਤ ਕਰਨ ਲਈ ਕਠਿਨ ਰਸਤੇ ਤੈਅ ਕਰਨੇ ਪਏ ਤੇ ਘਰ ਤੋਂ ਦੂਰ ਰਹਿਣਾ ਪਿਆ। ਸ਼ਾਇਦ ਇਨ੍ਹਾਂ ਕਠਿਨਾਈਆਂ ਸਹਿਨ ਕਾਰਣ ਹੀ ਉਨ੍ਹਾਂ ਦੇ ਮਨ 'ਚ ਮਾਹਿਲਪੁਰ ਵਿੱਚ ਵਿੱਦਿਆ ਦੇ ਚਾਨਣ ਮੁਨਾਰੇ ਉਸਾਰਨ ਦੀ ਗੱਲ ਘਰ ਕਰ ਗਈ ਹੋਵੇ। ਉਨ੍ਹਾਂ ਨੇ ਲਾਹੌਰ ਤੋਂ 1915 ਈ: ਵਿੱਚ ਬੀ.ਏ. ਆਨਰਜ਼ ਦੀ ਡਿਗਰੀ ਤੇ 1917 ਈ: ਵਿੱਚ ਬੀ.ਟੀ. ਦੀ ਡਿੱਗਰੀ ਪ੍ਰਾਪਤ ਕੀਤੀ।ਇਨ੍ਹਾਂ ਡਿਗਰੀਆਂ ਨਾਲ਼ ਹੀ ਉਹ ਪ੍ਰਿੰਸੀਪਲ ਬਣੇ। ਯੂਨੀਵਰਸਿਟੀ ਨੇ ਬਕਾਇਦਾ ਉਨ੍ਹਾਂ ਨੂੰ ਪ੍ਰਿੰਸੀਪਲਸ਼ਿੱਪ ਦੀ ਪ੍ਰਵਾਨਗੀ ਦਿੱਤੀ। ਇਹ ਪ੍ਰਵਾਨਗੀ ਉਸ ਵੇਲੇ ਦੀ ਬੀ.ਏ. ਦੀ ਡਿਗਰੀ ਦੀ ਸਾਰਥਿਕਤਾ, ਡੂੰਘਾਈ ਤੇ ਸਚਿਆਈ ਨੂੰ ਦਰਸਾਉਂਦੀ ਹੈ।

## ਅਧਿਆਪਨ ਦਾ ਤਜਰਬਾ

ਪ੍ਰਿੰਸੀਪਲ ਸਾਹਿਬ ਖਾਲਸਾ ਹਾਈ ਸਕੂਲ ਅੰਬਾਲ਼ਾ ਤੇ ਮਾਲਵਾ ਹਾਈ ਸਕੂਲ ਲੁਧਿਆਣਾ ਵਿੱਚ ਹੈੱਡਮਾਸਟਰ ਰਹੇ। ਪ੍ਰਿੰਸੀਪਲ ਸਾਹਿਬ ਖਾਲਸਾ ਹਾਈ ਸਕੂਲ ਖਰੜ ਵਿੱਚ ਵੀ ਸਕੂਲ ਮੁੱਖੀ ਰਹੇ।

ਇਸ ਤਰ੍ਹਾਂ ਉਨ੍ਹਾਂ ਦੀ ਵਿੱਦਿਅਕ ਖੇਤਰ ਵਿੱਚ ਸੇਵਾ ਦੀ ਮਹਿਕ ਉਨ੍ਹਾਂ ਦੀ ਜਨਮ ਭੂਮੀ ਮਾਹਿਲਪੁਰ ਪਹੁੰਚ ਗਈ। ਮਾਹਿਲਪੁਰ ਨਿਵਾਸੀਆਂ ਨੇ ਸੋਚਿਆ ਕਿ ਇਹੋ ਜਿਹਾ ਨੇਕ, ਨਿਪੁੰਨ ਤੇ ਲਾਇਕ ਅਧਿਆਪਕ ਪਿੰਡ ਤੇ ਇਲਾਕੇ ਵਿੱਚ ਸੇਵਾ ਕਿਉਂ ਨਾ ਕਰੇ। ਇਨ੍ਹਾਂ ਨੂੰ ਇਲਾਕੇ ਦੇ ਦੂਰਦਰਸ਼ੀ ਸੱਜਣਾਂ ਨੇ ਮਾਹਿਲਪੁਰ ਸਕੂਲ ਵਿੱਚ ਸੇਵਾ ਕਰਨ ਦੀ ਪੇਸ਼ਕਸ਼ ਕੀਤੀ। ਜ਼ੈਲਦਾਰ ਬਲਵੰਤ ਸਿੰਘ ਆਪ ਉਨ੍ਹਾਂ ਨੂੰ ਲੈ ਕੇ ਆਏ ਸਨ। ਹੁਣ ਤੱਕ ਨਿਭਾਈ ਸੇਵਾ ਹਿੱਤ ਪ੍ਰਿੰਸੀਪਲ ਸਾਹਿਬ ਦੇ ਮਨ ਵਿੱਚ ਸਰਵਿਸ ਬਾਰੇ ਕੁੱਝ ਸਚਾਈਆਂ ਘਰ ਕਰ ਗਈਆਂ ਹੋਣਗੀਆਂ। ਸੋ ਜਦੋਂ ਉਨ੍ਹਾਂ ਨੂੰ ਮਾਹਿਲਪੁਰ ਵਿੱਚ ਸੇਵਾ ਕਰਨ ਲਈ ਕਿਹਾ ਗਿਆ ਤਾਂ ਉਨ੍ਹਾਂ ਨੇ ਦੋ ਮੰਗਾਂ ਮੁਹਤਬਰ ਸੱਜਣਾਂ ਅੱਗੇ ਰੱਖੀਆਂ।



ਉਨ੍ਹਾਂ ਨੇ ਆਪਣੀ ਤਨਖਾਹ ਇੱਕ ਹੀ ਵਾਰ, ਤੇ ਜੋ ਉਨ੍ਹਾਂ ਵਲੋਂ ਹੀ ਦਰਸਾਈ ਗਈ ਨਿਯੁਕਤ ਕਰਨ ਲਈ ਕਿਹਾ। ਦੂਜੇ, ਕਿ ਸਕੂਲ ਵਿੱਚ ਅਧਿਆਪਕ ਰੱਖਣ ਅਤੇ ਸੇਵਾ-ਮੁਕਤ ਕਰਨ ਦਾ ਅਧਿਕਾਰ ਉਨ੍ਹਾਂ ਕੋਲ ਹੀ ਹੋਏਗਾ ਤੇ ਸਕੂਲ ਵਿੱਚ ਕਿਸੇ ਤਰ੍ਹਾਂ ਦੀ ਦਖਲ-ਅੰਦਾਜ਼ੀ ਨਹੀਂ ਹੋਏਗੀ। ਸਕੂਲ ਦੀ ਆਰਥਿਕਤਾ ਦੀ ਜ਼ਿੰਮੇਵਾਰੀ ਪ੍ਰਬੰਧਕ ਕਮੇਟੀ ਦੀ ਹੋਏਗੀ। ਇਹ ਮੰਗਾਂ ਸਕੂਲ ਮੈਨੇਜਿੰਗ ਕਮੇਟੀ ਵਲੋਂ ਮੰਨ ਲਈਆਂ ਗਈਆਂ।

ਸੰਨ 1924 ਈਸਵੀ ਵਿੱਚ ਉਨ੍ਹਾਂ ਨੂੰ ਖਾਲਸਾ ਹਾਈ ਸਕੂਲ ਮਾਹਿਲਪਰ ਦੇ ਹੈੱਡਮਾਸਟਰ ਥਾਪਿਆ ਗਿਆ।ਪ੍ਰਿੰਸੀਪਲ ਸਾਹਿਬ ਦੇ ਇੱਕ ਬਹੁਤ ਹੀ ਸਿਆਣੇ ਵਿਦਿਆਰਥੀ ਸ. ਬੰਤ ਸਿੰਘ ਬੈਂਸ ਦੱਸਦੇ ਹਨ ਕਿ ਸਕੂਲ ਦੇ ਮੈਨੇਜਰ ਤੇ ਹੋਰ ਅਹੁਦੇਦਾਰ ਸਕੂਲ ਆਉਂਦੇ ਸਨ ਤੇ ਚੁੱਪ-ਚੁਪੀਤੇ ਸਕੂਲ ਦੇ ਪਿੱਛੇ ਆਪਣੇ ਦਫ਼ਤਰ ਚਲੇ ਜਾਂਦੇ ਸਨ। ਉਹ ਕਦੇ ਵੀ ਪ੍ਰਿੰਸੀਪਲ ਸਾਹਿਬ ਦੇ ਦਫਤਰ ਨਹੀਂ ਜਾਂਦੇ ਸਨ ਤੇ ਨਾ ਹੀ ਕਦੀ ਉਨ੍ਹਾਂ ਨੇ ਪ੍ਰਿੰਸੀਪਲ ਸਾਹਿਬ ਨੂੰ ਆਪਣੇ ਦਫ਼ਤਰ ਵਿੱਚ ਬੁਲਾਇਆ ਸੀ। ਮੈਨੇਜਮੈਂਟ ਲਈ ਇਹ ਬਹੁਤ ਹੀ ਵਡਿਆਈ ਵਾਲੀ ਗੱਲ ਹੈ। ਮੈਨੇਜਮੈਂਟ ਮੈਂਬਰ ਕਿੰਨੇ ਵਿਸ਼ਾਲ ਹਿਰਦੇ ਵਾਲੇ ਤੇ ਸਵੈ-ਵਿਸ਼ਵਾਸ਼ ਵਾਲੇ ਹੋਣਗੇ।

ਸਕੂਲ ਦੀ ਇਮਾਰਤ ਅੰਗਰੇਜ਼ੀ ਅੱਖਰ ਦੀ ਈ (E) ਸ਼ਕਲ ਦੀ ਸੀ ਤੇ ਹੈ। ਕਮਰਿਆਂ ਅੱਗੇ ਵਰਾਂਡੇ ਸਨ। ਮੂਹਰੇ ਬਾਗ ਬਗੀਚਾ ਸੀ। E ਦੀ ਵਿੱਚਕਾਰਲੀ ਢੁੱਠ ਵਿੱਚ ਹਾਲ ਕਮਰਾ ਸੀ। ਕਮਰਿਆਂ ਵਿੱਚ ਬਹੁਤ ਵਧੀਆ ਡੈਸਕਾਂ ਦਾ ਫਰਨੀਚਰ ਸੀ। E ਦੀ ਉੱਤਰ ਬਾਹੀ ਦੀ ਨੁੱਕਰ ਵਿੱਚ ਹੈੱਡ-ਮਾਸਟਰ ਦਾ ਛੇ-ਨੁੱਕਰਾ ਛੋਟਾ ਜਿਹਾ ਕਮਰਾ ਪਰ ਪੂਰੀ ਸਜਾਵਟ ਨਾਲ਼ ਮੌਜੂਦ ਸੀ। ਹੈੱਡ-ਮਾਸਟਰ ਸਾਹਿਬ ਦੇ ਕਮਰੇ ਦੇ ਨਾਲ਼ ਹੀ ਡਰਾਇੰਗ (ਚਿੱਤਰਕਾਰੀ) ਕਮਰਾ ਸੀ। ਫਿਰ ਲਾਇਬ੍ਰੇਰੀ ਤੇ ਫਿਰ ਪੜ੍ਹਾਈ ਕਮਰੇ। ਇਸ ਬਿਲਡਿੰਗ ਦੇ ਚੜ੍ਹਦੇ ਪਾਸੇ ਇੱਕ ਏਕੜ ਅਮਰੂਦਾਂ ਦਾ ਬਾਗ ਸੀ। ਬਾਗ ਦੇ ਇੱਕ ਪਾਸੇ ਸਕੂਲ ਦੀ ਬਿਲਡਿੰਗ ਤੇ ਤਿੰਨੀ ਪਾਸੇ ਸਰਕੜੇ ਦੇ ਤੇ ਕੱਚੀ ਇੱਟ ਦੇ ਬਣੇ ਛੱਪਰ, ਪੜ੍ਹਾਈ ਦੇ ਕਮਰੇ ਸਨ। ਪਰ ਇਨ੍ਹਾਂ ਛੱਪਰਾਂ ਦੀ ਦੇਣ ਪੱਕੇ ਕਮਰਿਆਂ ਵਰਗੀ ਸੀ। ਸਕੂਲ ਦੇ ਉੱਤਰ ਵੱਲ ਦੋ ਗਰਾਊਂਡਾਂ ਸਨ ਜੋ ਮਹੱਤਵ ਵਿੱਚ ਸਕੂਲ ਦੇ ਕਮਰਿਆਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸਨ। ਬਿਲਡਿੰਗ ਦੇ ਚੜ੍ਹਦੇ ਤੇ ਉੱਤਰ ਵਾਲੇ ਕੋਨੇ ਨਾਲ਼ ਲੱਗਦੀ ਇੱਕ ਵੱਡ ਅਕਾਰੀ ਟਾਹਲੀ ਹੁੰਦੀ ਸੀ। ਇਸ ਟਾਹਲੀ ਦਾ ਸਕੂਲ ਵਿੱਚ ਇੱਕ ਖਾਸ ਮੁਕਾਮ ਸੀ। ਇਹ ਟੀਚਰਾਂ ਲਈ ਆਰਜ਼ੀ ਸਟਾਫ-ਰੂਮ ਸੀ ਤੇ ਕੁੱਝ ਟੀਚਰ ਵਾਰੋ-ਵਾਰੀ ਇੱਥੇ ਉੱਠਦੇ ਬੈਠਦੇ ਰਹਿੰਦੇ ਸਨ। ਟੀਚਰ ਇਹ ਵੀ ਖਿਆਲ ਰੱਖਦੇ ਸਨ ਕਿ ਬੱਚੇ 1 ਵਜੇ ਤੋਂ 4 ਵਜੇ ਤੱਕ ਕੜਕਦੀ ਧੁੱਪ ਵਿੱਚ ਖੇਡਣ ਨਾ।

ਕਾਲਜ ਚਲੇ ਜਾਣ ਤੋਂ ਬਾਅਦ ਪ੍ਰਿੰਸੀਪਲ ਸਾਹਿਬ ਸਰਕਾਰੀ ਸਕੂਲ ਬਨਣ ਤੱਕ ਸਕੂਲ ਦੇ ਮੈਨੇਜਰ ਰਹੇ।

ਇਸ ਸਕੂਲ ਦੀ ਪ੍ਰਸਿੱਧੀ ਇਲਾਕੇ ਵਿੱਚ ਖੁਸ਼ਬੂ ਵਾਂਗ ਫੈਲ ਗਈ। ਦੂਰ-ਦੂਰ ਤੋਂ ਵਿਦਿਆਰਥੀ ਇਸ ਸਕੂਲ ਵਿੱਚ ਆਉਣ ਲੱਗੇ। ਕੀ ਅਸੀਂ ਅੱਜ ਇਹ ਯਕੀਨ ਕਰਾਂਗੇ ਕਿ ਦਿਹਾਣੇ ਪਿੰਡ ਤੋਂ ਵਿਦਿਆਰਥੀ (ਪੰਜ ਕੁ ਬੱਚਿਆਂ ਦਾ ਟੋਲਾ) ਰੋਜ਼ ਪੈਦਲ ਚੱਲਕੇ ਸਕੂਲ ਪਹੁੰਚਦੇ ਸੀ ਤੇ ਸ਼ਾਮ ਪੰਜ ਵਜੇ ਫਿਰ ਸਕੂਲ ਤੋਂ ਪਿੰਡ ਨੂੰ ਰਵਾਨਾ ਹੁੰਦੇ ਸੀ। ਇੱਕ ਸਾਬਕਾ ਵਿਦਿਆਰਥੀ ਚਾਨਣ ਸਿੰਘ ਇਸ ਤੱਥ ਦੀ ਗਵਾਹੀ ਭਰਦਾ ਹੈ ਕਿ ਉਹ ਸਭ ਬੱਚੇ ਤੜਕੇ ਪੰਜ ਵਜੇ, ਗਰਮੀ ਤੇ ਸਰਦੀ ਵਿੱਚ, ਘਰੋਂ ਚੱਲਦੇ ਸਨ ਤੇ ਤੁਰਦੇ- ਦੌੜਦੇ ਬਸਤੇ ਚੁੱਕੀ ਵਾਹੋ-ਦਾਹੀ ਸਕੂਲ ਪਹੁੰਚਦੇ ਸਨ। ਇਸੇ ਤਰ੍ਹਾਂ ਕੋਟ ਨਾਲ਼ ਲੱਗਦੇ ਪਿੰਡ ਝੱਜਾਂ ਤੋਂ ਪੰਜਵੀਂ ਜਮਾਤ ਦਾ ਇੱਕ

ਗੁਰਮੀਤ ਸਿੰਘ ਨਾਮੀ ਵਿਦਿਆਰਥੀ ਕੱਲਮ-ਕੱਲਾ ਪੈਦਲ ਚੱਲਕੇ ਸਕੂਲ ਜਾਂਦਾ ਤੇ ਵਾਪਿਸ ਮੁੜਦਾ ਸੀ। ਇਸੇ ਤਰ੍ਹਾਂ ਦਾਤੇ ਚੇਲੇ, ਢਾਡੇ-ਠੁਆਣੇ, ਮਜ਼ਾਰਾ-ਡੀਂਗਰੀਆਂ, ਜੇਜੋਂ, ਪੱਦੀ ਪੋਸੀ, ਮੈਲੀ ਵਣ ਤੇ ਸੂਣੇ-ਸਾਰੰਗਵਾਲ਼ ਵਿੱਚੋਂ ਵਿਦਿਆਰਥੀ ਪੈਦਲ ਚੱਲਕੇ ਆਉਂਦੇ ਸਨ।

ਇਸੇ ਤਰ੍ਹਾਂ ਮਾਸਟਰ ਰਣਧੀਰ ਸਿੰਘ ਜੀ ਲੈਹਲ਼ੀ ਖੁਰਦ ਤੋਂ, ਸ਼ਾਸਤਰੀ ਮਦਨ ਲਾਲ ਜੀ ਚਾਣਥੂ ਬ੍ਰਾਹਮਣਾਂ ਤੋਂ ਪੈਦਲ ਚੱਲਕੇ ਸਕੂਲ ਪਹੁੰਚਦੇ ਸਨ। ਪਿੱਛੋਂ ਕੁੱਝ ਮਾਸਟਰ ਜੀਆਂ ਨੇ ਸਾਈਕਲ ਵਰਤਣੇ ਸ਼ੁਰੂ ਕੀਤੇ।

ਸਕੂਲ ਵਿੱਚ ਹਰ ਕਲਾਸ ਨੂੰ A B C D E ਪੰਜ ਸੈਕਸ਼ਨਾਂ ਵਿੱਚ ਵੰਡਿਆ ਜਾਂਦਾ ਸੀ। A ਸੈਕਸ਼ਨ ਵਿੱਚ ਸਭ ਤੋਂ ਵੱਧ ਲਾਇਕ ਵਿਦਿਆਰਥੀ ਰੱਖੇ ਜਾਂਦੇ ਸਨ। A ਸੈਕਸ਼ਨ ਕਲਾਸ ਦਾ ਤਾਜ ਸੈਕਸ਼ਨ ਸਮਝਿਆਂ ਜਾਂਦਾ ਸੀ। ਇਸ ਸੈਕਸ਼ਨ ਵਿੱਚੋਂ ਵਜ਼ੀਫੇ ਆਉਂਦੇ ਸਨ ਤੇ ਸਾਰੇ ਵਿਦਿਆਰਥੀ ਪਹਿਲੇ ਦਰਜੇ (First Division) ਵਿੱਚ ਪਾਸ ਹੁੰਦੇ ਸਨ। B ਸੈਕਸ਼ਨ ਵਾਲ਼ੇ ਘੱਟੋ-ਘੱਟ ਦੂਜੇ ਦਰਜੇ (Second Division) ਵਿੱਚ ਪਾਸ ਹੁੰਦੇ ਸਨ। ਬਾਕੀ ਸੈਕਸ਼ਨਾਂ ਦੇ ਬੱਚੇ ਪਾਸ ਹੋ ਜਾਣ ਵਾਲ਼ੇ ਹੁੰਦੇ ਸਨ।

ਸਕੂਲ ਬਾਰੇ ਇਹ ਵੇਰਵੇ ਦੇਣੇ ਜ਼ਰੂਰੀ ਹਨ ਕਿਉਂਕਿ ਕਾਲਜ ਵੀ ਇੱਕ ਤਰ੍ਹਾਂ ਨਾਲ਼ ਸਕੂਲ ਦਾ ਹੀ ਪਸਾਰ ਹੈ ਤੇ ਇਹ ਸਕੂਲ ਨਿਵੇਕਲੀ ਕਿਸਮ ਦਾ ਸੀ।

ਸਕੂਲ ਦੀ ਬਿਲਡਿੰਗ ਦੇ ਨਾਲ਼ ਲੱਗਦੀ ਹੋਸਟਲ ਦੀ ਆਲੀਸ਼ਾਨ ਇਮਾਰਤ ਸੀ। ਇਸ ਦਾ ਮਾਹੌਲ ਘਰ ਵਰਗਾ ਤੇ ਅਨੁਸਾਸ਼ਨ ਵਾਲਾ ਸੀ। ਹੋਸਟਲ ਵਿੱਚ ਬਹੁਤ ਕਮਜ਼ੋਰ ਤੇ ਬਹੁਤ ਲਾਇਕ ਵਿਦਿਆਰਥੀ ਰੱਖੇ ਜਾਂਦੇ ਸਨ। ਕਮਜ਼ੋਰ ਉਹ ਵਿਦਿਆਰਥੀ ਹੁੰਦੇ ਸਨ ਜਿਨ੍ਹਾਂ ਉੱਤੋਂ ਘਰਦਿਆਂ ਨੇ ਸਾਰੀਆਂ ਆਸਾਂ ਮੁਕਾ ਛੱਡੀਆਂ ਹੁੰਦੀਆਂ ਸਨ। ਇਹ ਬੱਚੇ ਕੋਈ ਨਾਨਕੇ ਘਰ, ਕੋਈ ਭੂਆ, ਕੋਈ ਮਾਸੀ ਘਰ ਤੇ ਕੋਈ ਪ੍ਰਿੰਸੀਪਲ ਸਾਹਿਬ ਦੇ ਜਾਣਕਾਰਾਂ ਵਿੱਚੋਂ ਮਾਹਿਲਪੁਰ ਪਹੁੰਚ ਹੋਸਟਲ ਵਿੱਚ ਆ ਜਾਂਦੇ ਸਨ। ਇਹੋ ਜਿਹੇ ਇੱਕ ਵਿਦਿਆਰਥੀ ਬਖਸ਼ੇ ਨੂੰ ਪੁਰਾਣੀ ਪੀੜ੍ਹੀ ਦੇ ਲੋਕ ਹੁਣ ਵੀ 'ਪਹਿਲੀ ਵਾਲ਼ਾ ਬਖਸ਼ਾ' ਕਹਿ ਕੇ ਯਾਦ ਕਰਦੇ ਹਨ ਕਿਉਂ ਕਿ ਉਹ ਬਹੁਤ ਵੱਡੀ ਉਮਰ ਵਿੱਚ ਪਹਿਲੀ ਜਮਾਤ ਵਿੱਚ ਦਾਖਲ ਹੋਇਆ ਸੀ। ਫਿਰ ਇਹ ਬੱਚੇ ਬੀਬੇ-ਰਾਣੇ ਬਣਕੇ ਪੜ੍ਹਦੇ ਸਨ ਤੇ ਚੰਗੇ ਨੰਬਰ ਲੈ ਕੇ ਪਾਸ ਹੁੰਦੇ ਸਨ। ਮੈਰਿਟ ਵਿੱਚ ਸੰਭਾਵੀ ਵਿਦਿਆ-ਰਥੀਆਂ ਨੂੰ ਇਸ ਹੋਸਟਲ ਵਿੱਚ ਮੁੱਖ-ਮਹਿਮਾਨਾਂ ਦਾ ਸਤਿਕਾਰ ਮਿਲ਼ਦਾ ਸੀ ਤੇ 6-7 ਵਜ਼ੀਫ਼ੇ ਹਰ ਸਾਲ ਅੱਠਵੀਂ ਜਮਾਤ ਤੇ ਮੈਟ੍ਰਿਕ ਇਮਤਿਹਾਨ ਵਿੱਚੋਂ ਸਹਿਜੇ ਹੀ ਆ ਜਾਂਦੇ ਸਨ। ਇਨ੍ਹਾਂ ਵਜ਼ੀਫ਼ਿਆਂ ਵਿੱਚ ਜ਼ਰਾ ਜਿੰਨੀ ਵੀ ਖੋਟ ਨਹੀਂ ਸੀ ਹੁੰਦੀ, ਨਿਰਾ ਸੋਨਾ। ਇਸ ਪ੍ਰਾਪਤੀ ਦੀ ਸਾਰੇ ਸਕੂਲ ਨੂੰ ਸਾਰਾ ਸਾਲ ਖੁਮਾਰੀ ਚੜ੍ਹੀ ਰਹਿੰਦੀ ਸੀ। ਮਾਸਟਰ ਦਰਬਾਰਾ ਸਿੰਘ ਪਰਿਵਾਰ ਸਮੇਤ ਹੋਸਟਲ ਵਿੱਚ ਨਿਗਰਾਨ ਵਜੋਂ ਰਹਿੰਦੇ ਸਨ। ਉਨ੍ਹਾਂ ਦੀ ਖਾਸ ਡਿਊਟੀ ਵਿਗੜਿਆਂ ਤਿਗੜਿਆਂ ਨੂੰ ਰਾਹੇ ਪਾਣਾ ਸੀ।

ਗਰਾਊਂਡਾਂ ਦੇ ਨਾਲ਼ ਹੋਸਟਲ ਤੇ ਹੋਸਟਲ ਨਾਲ਼ ਹਲ੍ਹਟੀ। ਹਲ੍ਹਟੀ ਨੂੰ ਚਲਾਉਣ ਵਾਲੇ ਸੇਵਾਦਾਰ ਕੌਡੂ ਤੇ ਗਾਮਾ ਸਨ। ਫਕੀਰੀਆ ਤੇ ਇੱਕ ਹੋਰ ਸਾਥੀ ਹੋਸਟਲ ਦੇ ਰਸੋਈਏ ਸਨ। ਉਹ ਹੋਸਟਲ ਵਿੱਚ ਘਰ ਵਰਗਾ ਮਹੌਲ ਬਣਾ ਕੇ ਰੱਖਦੇ ਸਨ।

ਭਾਵੇਂ ਸਕੂਲ ਵਿੱਚ ਪੜ੍ਹਾਈ ਬਹੁਤ ਉੱਚ ਪਾਏ ਦੀ ਹੋ ਰਹੀ ਸੀ, ਪਰ ਪ੍ਰਿੰਸੀਪਲ ਸਾਹਿਬ ਇਸ ਪੜ੍ਹਾਈ ਦਾ ਟਾਕਰਾ ਕਿਸੇ ਨਾਮੀ ਸਕੂਲ ਨਾਲ਼ ਕਰਨਾ ਚਾਹੁੰਦੇ ਸਨ। ਲਾਹੌਰ ਉਸ ਵੇਲੇ ਪੰਜਾਬ ਦਾ ਹੀ ਨਹੀਂ ਸਗੋਂ ਦੇਸ਼ ਭਰ ਵਿੱਚ ਵਿੱਦਿਅਕ ਖੇਤਰ ਵਿੱਚ ਮਹਾਨ ਸਥਾਨ ਰੱਖਦਾ



ਸੀ। ਸੋ ਪ੍ਰਿੰਸੀਪਲ ਸਾਹਿਬ ਨੇ ਲਹੌਰ ਦੇ ਇੱਕ ਮੰਨੇ ਪ੍ਰਮੰਨੇ ਇਸਲਾਮੀਆਂ ਸਕੂਲ ਨਾਲ਼ ਰਾਬਤਾ ਕਾਇਮ ਕੀਤਾ। ਉਸ ਸਕੂਲ ਤੋਂ ਪੇਪਰ ਸੈੱਟ ਕਰਵਾ ਕੇ ਉਨ੍ਹਾਂ ਨਾਲ਼ ਮਾਹਿਲਪੁਰ ਸਕੂਲ ਦੇ ਨੌਵੀਂ ਤੇ ਦਸਵੀਂ ਕਲਾਸ ਦੇ ਇਮਤਿਹਾਨ ਲਏ ਜਾਂਦੇ ਸਨ। ਫਿਰ ਕੁੱਝ ਗਿਣਤੀ ਦੇ ਵਿਦਿਆਰਥੀਆਂ ਦੇ ਪੇਪਰ ਲਾਹੌਰ ਦੇ ਇਸ ਸਕੂਲ ਵਿੱਚ ਚੈੱਕ ਕਰਨ ਲਈ ਭੇਜੇ ਜਾਂਦੇ ਸਨ। ਇਸ ਤਰ੍ਹਾਂ ਸਕੂਲ ਦੀ ਪੜ੍ਹਾਈ ਦੀ ਉੱਚ-ਦਰਜਾਬੰਦੀ ਨਿਸਚਿਤ ਹੋ ਗਈ। ਇਸ ਦੇ ਨਤੀਜੇ ਛੇਤੀ ਪ੍ਰਗਟ ਹੋਣ ਲੱਗੇ। ਪ੍ਰਿੰਸੀਪਲ ਸਾਹਿਬ ਵਲੋਂ ਕੀਤਾ ਇਹ ਪ੍ਰਬੰਧ ਵਿਸ਼ਵ ਵਿਦਿਆਲਿਆ ਦੇ ਪੱਧਰ ਦਾ ਸੀ।

ਪ੍ਰਿੰਸੀਪਲ ਸਾਹਿਬ ਨੇ ਵੱਖਰੇ-ਵੱਖਰੇ ਸਕੂਲਾਂ ਦੇ ਤਜਰਬਿਆਂ ਤੋਂ ਬਹੁਤ ਕੁੱਝ ਗ੍ਰਹਿਣ ਕੀਤਾ ਸੀ। ਉਹ ਹਿਸਾਬ, ਸਾਇੰਸ ਅਤੇ ਸਾਰੀਆਂ ਭਾਸ਼ਾਵਾਂ ਦੀ ਮਹੱਤਤਾ ਤੋਂ ਜਾਣੂ ਸਨ। ਸੋ ਉਨ੍ਹਾਂ ਨੇ ਬਿਨ੍ਹਾਂ ਕਿਸੇ ਮਤਭੇਦ ਦੇ ਸਿਰਫ ਮੈਰਿਟ ਦੇ ਆਧਾਰ ਉੱਤੇ ਅਧਿਆਪਕਾਂ ਦੀ ਨਿਯੁਕਤੀ ਕੀਤੀ। ਅਨੇਕਾਂ ਨਾਮ ਵਰਨਣਯੋਗ ਹਨ ਪਰ ਕੁੱਝ ਨਾਮ ਵਕਤ ਗੁਜ਼ਰਨ ਨਾਲ਼ ਗੁੰਮ ਹੋ ਗਏ। ਫਿਰ ਵੀ ਕੁੱਝ ਨਾਮ ਇਸ ਤਰ੍ਹਾਂ ਹਨ। ਮਾਸਟਰ ਸੰਤ ਸਿੰਘ, ਮੌਲਵੀ ਅਲੀ ਮੁਹੰਮਦ, ਮਾਸਟਰ ਕਲਿਆਣ ਸਿੰਘ, ਮਾਸਟਰ ਮੀਹਾਂ ਸਿੰਘ, ਬਾਵਾ ਜਸਵੰਤ ਸਿੰਘ, ਮਾਸਟਰ ਦਵਿੰਦਰ ਸਿੰਘ, ਮਾਸਟਰ ਦਰਬਾਰਾ ਸਿੰਘ। ਮਾਸਟਰ ਰਣਧੀਰ ਸਿੰਘ ਜੀ ਇੱਕ ਰੱਬ-ਰੂਪ, ਬਹੁਤ ਹੀ ਮਿਹਨਤੀ ਤੇ ਦਿਆਲੂ ਇਨਸਾਨ ਸਨ। ਉਹ ਗਰੀਬ ਬੱਚਿਆਂ ਦਾ ਖਾਸ ਧਿਆਨ ਰੱਖਦੇ ਸਨ ਤੇ ਹੱਲਾਸ਼ੇਰੀ ਦਿੰਦੇ ਸਨ। ਇਸ ਤਰ੍ਹਾਂ ਮਾਸਟਰ ਸਰਧਾ ਸਿੰਘ ਜੀ ਬਹੁਤ ਹੀ ਦਿਲ-ਖਿੱਚਵੀਂ ਸਖਸ਼ੀਅਤ ਦੇ ਮਾਲਕ ਸਨ। ਉਹ ਵੀ ਹੋਸਟਲ ਵਿੱਚ ਰਹਿੰਦੇ ਸਨ ਤੇ ਹਰ ਸ਼ਨੀਵਾਰ ਸਾਈਕਲ ਉੱਤੇ ਆਪਣੇ ਪਿੰਡ ਅਕਾਲਗੜ੍ਹ ਜਾਂਦੇ ਸਨ। ਉਹ ਹੋਸਟਲ ਵਿੱਚ ਰਾਤ ਨੂੰ 10 ਵਜੇ ਤੱਕ ਬੱਚਿਆਂ ਨੂੰ ਪੜ੍ਹਦੇ ਦੇਖਦੇ ਸਨ ਤੇ ਤੜਕੇ 5 ਵਜੇ ਉਠਾਉਂਦੇ ਸਨ ਮਾਂ-ਬਾਪ ਵਾਂਗੇ ਸਮੇਂ ਬੱਚਿਆਂ ਦੀ ਪੜ੍ਹਾਈ ਲਈ ਧਿਆਨ ਰੱਖਦੇ ਸਨ।

ਮਾਸਟਰ ਜਗਤ ਸਿੰਘ ਜੀ ਬਹੁਤ ਹੀ ਵਧੀਆ ਪੋਸ਼ਾਕ ਵਿੱਚ ਸਕੂਲ ਆਉਂਦੇ ਸਨ। ਉਹ ਬਹੁਤ ਮਿੱਠ ਬੋਲੜੇ ਤੇ ਨਮਰ ਸੁਭਾ ਦੇ ਸਨ। ਇਸ ਕਾਰਨ ਉਹ ਬਹੁਤ ਹਰਮਨ ਪਿਆਰੇ ਅਧਿਆਪਕ ਸਨ।

ਮਾਸਟਰ ਭਗਤ ਰਾਮ ਜੀ ਡਰਾਇੰਗ ਦੇ ਕੁਸ਼ਲ ਅਧਿਆਪਕ ਸਨ। ਉਹ ਮਾਡਲ ਬਣਾਉਣਾ, ਜਿਸ ਵਿੱਚ ਰੰਗ ਭਰਨੇ, ਸ਼ੇਡ ਕਰਨਾ ਤੇ ਰਚਨਾਵਲੀ ਦੇ ਨਿਯਮ, ਬਹੁਤ ਵਧੀਆ ਤਰੀਕੇ ਨਾਲ਼ ਸਮਝਾਉਂਦੇ ਸਨ। ਉਨ੍ਹਾਂ ਨੇ ਡਰਾਇੰਗ ਰੂਮ ਨੂੰ ਬਹੁਤ ਹੀ ਵਧੀਆ ਕਲਾ-ਕ੍ਰਿਤਾਂ ਨਾਲ਼ ਸਜਾਇਆ ਹੋਇਆ ਸੀ। ਉਨ੍ਹਾਂ ਵਲੋਂ ਸਿਖਾਈ ਸਕੇਲ, ਵਿਦਿਆਰਥੀਆਂ ਦੀ ਕਲਪਨਾ ਨੂੰ ਤੇਜ਼ ਕਰਦੀ ਸੀ। ਵਿਦਿਆਰਥੀਆਂ ਵਿੱਚ ਸੁਹਜ ਪੈਦਾ ਕਰਨ ਵਿੱਚ ਉਨ੍ਹਾ ਦਾ ਬਹੁਤ ਵੱਡਾ ਯੋਗਦਾਨ ਹੈ। ਪੀ.ਟੀ. ਦਰਸ਼ਨ ਸਿੰਘ, ਬੈਂਡ ਮਾਸਟਰ ਜਗਤ ਸਿੰਘ ਜੀ ਦਾ ਕੰਮ ਬਹੁਤ ਸ਼ਲਾਘਾਯੋਗ ਸੀ।

ਮਾਸਟਰ ਰਾਮ ਰੱਖਾ ਜੀ ਹਿਸਾਬ ਦੇ ਮਾਹਿਰ ਟੀਚਰ ਸਨ ਤੇ ਵਜੀਫੇ ਵਾਲੇ ਬੱਚਿਆਂ ਨੂੰ ਤਿਆਰੀ ਕਰਵਾਉਂਦੇ ਸਨ। ਇਮਤਿਹਾਨ ਦੇ ਨਜ਼ਦੀਕ ਉਹ ਰਾਤ ਸਕੂਲ ਠਹਿਰਦੇ ਸਨ ਤੇ ਬੱਚਿਆਂ ਨੂੰ ਤੜਕੇ ਉਠਾ ਕੇ ਲਾਲਟੈਣਾਂ ਦੇ ਗਿਰਦ ਬਿਠਾ ਕੇ ਪੜ੍ਹਾਈ ਲਈ ਤਿਆਰ ਕਰਦੇ ਸਨ। ਇਹ ਵੀ ਯਾਦ ਰਹੇ ਕਿ ਮਾਸਟਰ ਤੇ ਬੱਚਿਆਂ ਦੇ ਬਿਸਤਰੇ ਹਾਲ ਵਿੱਚ ਫਰਸ਼ ਉੱਤੇ ਕੀਤੇ ਹੁੰਦੇ ਸਨ। ਇਸੇ ਤਰ੍ਹਾਂ ਮਾਸਟਰ ਬਖਤਾਵਰ ਸਿੰਘ ਹਿਸਾਬ ਤੇ ਸਾਇੰਸ ਦੇ ਲਾਇਕ

ਅਧਿਆਪਕ ਸਨ। ਅਧਿਆਪਕ ਖੁਸ਼ੀ ਰਾਮ ਜੀ ਬਹੁਤ ਹੱਸਮੁੱਖ ਤੇ ਮਿਹਨਤੀ ਸਨ। ਮਾਸਟਰ ਜਗੀਰ ਸਿੰਘ ਬੱਚਿਆਂ ਵਿੱਚ ਬਹੁਤ ਹੀ ਹਰਮਨ ਪਿਆਰੇ ਸਨ। ਸ਼ਾਸਤਰੀ ਮਦਨ ਲਾਲ ਜੀ ਤੇ ਜੈ ਦੇਵ ਜੀ ਹਿੰਦੀ ਤੇ ਸੰਸਕ੍ਰਿਤ ਦੇ ਬਹੁਤ ਹੀ ਨਿਪੁੰਨ ਤੇ ਕੁਸ਼ਲ ਅਧਿਆਪਕ ਸਨ।

ਗਿਆਨੀ ਮੇਹਰ ਸਿੰਘ ਜੀ ਇੱਕ ਹੋਰ ਪਿਆਰੇ ਟੀਚਰ ਸਨ। ਉਹ ਸਕੂਲ ਵਿੱਚ ਸੱਭਿਆਚਾਰਕ ਪ੍ਰੋਗਰਾਮਾਂ ਦੇ ਇੰਚਾਰਜ ਸਨ। ਉਹ ਗੁਰਬਾਣੀ ਦੇ ਰਸੀਏ ਸਨ। ਉਨ੍ਹਾਂ ਦੀ ਆਵਾਜ਼ ਬਹੁਤ ਉੱਚੀ ਤੇ ਰਸੀਲੀ ਸੀ। ਸਕੂਲ ਵਿੱਚ ਉਨ੍ਹਾਂ ਦਾ ਖਾਸ ਮੁਕਾਮ ਸੀ।

ਪ੍ਰਿੰਸੀਪਲ ਸਾਹਿਬ ਦੇ ਹੋਣਹਾਰ ਵਿਦਿਆਰਥੀ ਮਾਸਟਰ ਜ਼ੋਰਾਵਰ ਸਿੰਘ (ਤੇ ਪਿੱਛੋਂ ਪ੍ਰੋ. ਜ਼ੋਰਾਵਰ ਸਿੰਘ) ਵੀ ਸਕੂਲ ਵਿੱਚ ਪੜ੍ਹਾਉਂਦੇ ਰਹੇ।

ਹੈੱਡਮਾਸਟਰ ਸਾਹਿਬ ਬਾਵਾ ਗੁਰਦਿੱਤ ਸਿੰਘ ਜੀ ਦੀ ਸ਼ਖ਼ਸੀਅਤ ਜਲੌਅ ਭਰੀ ਸੀ। ਉਨ੍ਹਾਂ ਦੇ ਚਿਹਰੇ ਉੱਤੇ ਗੋਰੇ-ਗੋਰੇ ਵਾਲ਼ ਬਹੁਤ ਸੁੰਹਦੇ ਸਨ। ਭਰਵਾਂ ਸਰੀਰ ਸੀ ਤੇ ਹੱਥ ਵਿੱਚ ਬੈਂਤ ਲੈ ਕੇ ਸਕੂਲ ਵਿੱਚ ਗੇੜੇ 'ਤੇ ਗੇੜਾ ਰੱਖਦੇ ਸਨ। ਕਦੀ-ਕਦੀ ਵਿਗੜਿਆਂ-ਤਿਗੜਿਆਂ ਲਈ ਬੈਂਤ ਦੀ ਵਰਤੋਂ ਵੀ ਕਰਦੇ ਸਨ। ਉਨ੍ਹਾਂ ਵਲੋਂ ਲਿਖੀ ਅੰਗਰੇਜ਼ੀ ਦੀ ਗਰਾਮਰ ਸਕੂਲ ਵਿੱਚ ਬਾਇਬਲ ਵਾਂਗ ਵਰਤੀ ਜਾਂਦੀ ਸੀ। ਇਸ ਕਿਤਾਬ ਨੇ ਇਲਾਕੇ ਦੇ ਬਹੁਤ ਲੋਕਾਂ ਨੂੰ ਬੰਨੇ ਲਾਇਆ।

ਇਸੇ ਤਰ੍ਹਾਂ ਪ੍ਰਿੰਸੀਪਲ ਸਾਹਿਬ ਵਲੋਂ ਲਿਖੀਆਂ (ਹਿਸਾਬ ਤੇ ਅਲਜਬਰੇ) ਦੀਆਂ ਕਿਤਾਬਾਂ ਬਹੁਤ ਮਕਬੂਲ ਹੋਈਆਂ ਤੇ ਇਨ੍ਹਾਂ ਵਿਸ਼ਿਆਂ ਵਿੱਚ ਵਿਦਿਆਰਥੀਆਂ ਨੂੰ ਨਿਪੁੰਨ ਬਣਾਇਆ।

ਲੋਕ ਸਮੂਹਾਂ ਵਿੱਚ ਬੈਠੇ ਇੱਕ-ਇੱਕ ਟੀਚਰ ਨੂੰ ਯਾਦ ਕਰਕੇ ਉਨ੍ਹਾਂ ਦੀਆਂ ਸਿਫਤਾਂ, ਉਨ੍ਹਾਂ ਦੇ ਚਰਿੱਤਰ, ਉਨ੍ਹਾਂ ਦੀਆਂ ਛੋਟੀਆਂ-ਮੋਟੀਆਂ ਆਦਤਾਂ ਬਾਰੇ ਖ਼ੂਬ ਚਰਚਾ ਕਰਦੇ ਹਨ। ਸੁਣਨ ਵਾਲੇ ਨੌਜਵਾਨ ਮੂੰਹ 'ਚ ਉਂਗਲ਼ਾਂ ਪਾ ਕੇ ਸੋਚਦੇ ਹਨ ਕਿ ਕੀ ਸੱਚ-ਮੁੱਚ ਇਹੋ-ਜਿਹੇ ਅਧਿਆਪਕ ਕਦੇ ਹੁੰਦੇ ਸਨ, ਜਿਹੜੇ ਸਿਆਲ ਦੀਆਂ ਰਾਤਾਂ ਤੇ ਸਵੇਰੇ ਝਾਗ ਕੇ ਬੱਚਿਆਂ ਨੂੰ ਪੜ੍ਹਾਉਂਦੇ ਸਨ। ਬੱਚਿਆਂ ਨੂੰ ਪੜ੍ਹਾਉਣ ਲਈ ਉਹ ਪਿਆਰ ਲਾਡ, ਝਿੜਕਾਂ ਤੇ ਅਨੁਸ਼ਾਸਨ ਸਭ ਕੁੱਝ ਲੋੜ ਮੁਤਾਬਿਕ ਵਰਤੋਂ ਵਿੱਚ ਲਿਆਉਂਦੇ ਸਨ। ਇਸ ਕੁੱਟ ਵਿੱਚ ਗੁੱਸਾ ਘੱਟ ਤੇ ਲਾਡ ਜ਼ਿਆਦਾ ਹੁੰਦਾ ਸੀ। ਪ੍ਰਿੰਸੀਪਲ ਸਾਹਿਬ ਸ਼ਾਮ ਨੂੰ ਗਰਾਊਂਡ ਵਿੱਚ ਬੈਠਦੇ ਸਨ ਤੇ ਬੱਚਿਆਂ ਨੂੰ ਖੁੱਲ੍ਹ ਸੀ ਕਿ ਉਹ ਕੋਈ ਵੀ ਸਵਾਲ ਲੈ ਕੇ ਉਨ੍ਹਾਂ ਨੂੰ ਮਿਲ਼ ਸਕਦੇ ਸਨ।

ਸਕੂਲ ਛੁੱਟੀ ਹੋਣ ਤੋਂ ਬਾਅਦ ਬੱਚੇ ਸਕੂਲ ਦੇ ਇਰਦ-ਗਿਰਦ ਦਰੱਖਤਾਂ ਦੇ ਝੁੰਡਾਂ ਹੇਠ ਕੜਕਦੀ ਧੁੱਪ ਦਾ ਸਮਾਂ ਬਤੀਤ ਕਰਦੇ ਸਨ ਤੇ ਫਿਰ ਸ਼ਾਮ ਵੇਲੇ ਓਵਰ-ਟਾਈਮ ਲੱਗਦਾ ਸੀ। ਇਸ ਤਰ੍ਹਾਂ ਬੱਚੇ ਪੜ੍ਹ ਵੀ ਲੈਂਦੇ ਸਨ ਨੰਗੇ ਸਿਰ ਤੇ ਨੰਗੇ ਪੈਰ ਹੋਣ ਕਾਰਣ ਧੁੱਪ ਤੋਂ ਵੀ ਬਚ ਜਾਂਦੇ ਸਨ।

## ਸਕੂਲ ਦੀਆਂ ਖੇਡਾਂ ਵਿੱਚ ਪ੍ਰਾਪਤੀਆਂ

ਜਦੋਂ ਪੜ੍ਹਾਈ ਦਾ ਕੰਮ ਲੀਹੇ ਪੈ ਗਿਆ ਤਾਂ ਵਾਰੀ ਆਈ ਖੇਡਾਂ ਦੀ। ਉਸ ਸਮੇਂ ਰੱਸਾਕਸ਼ੀ ਹੀ ਵੱਡੀ ਖੇਡ ਮੰਨੀ ਜਾਂਦੀ ਸੀ। ਪ੍ਰਿੰਸੀਪਲ ਸਾਹਿਬ ਖੁਦ ਹਾਜ਼ਿਰ ਹੋ ਕੇ ਇਸ ਟੀਮ ਤੋਂ ਮਿਹਨਤ ਕਰਵਾਉਂਦੇ ਸਨ। ਫਿਰ ਇਸ ਟੀਮ ਨੇ ਹਰ ਮੁਕਾਬਲੇ ਵਿੱਚ, ਭਾਵੇਂ ਉਹ



ਸਥਾਨਕ ਸੀ ਜਾਂ ਸਮੁੱਚੇ ਪੰਜਾਬ ਵਿੱਚ, ਜਿੱਤ ਪ੍ਰਾਪਤ ਕੀਤੀ, ਉਹ ਵੀ ਦਹਾਕਿਆਂ ਤੱਕ। ਇੱਕ ਪੜਾਅ ਐੈਸਾ ਵੀ ਆਇਆ ਕਿ ਇਸ ਟੀਮ ਨੇ ਪੰਜਾਬ ਵਿੱਚ ਕਿਸੇ ਵੀ ਟੀਮ ਨੂੰ ਮੁਕਾਬਲੇ ਵਿੱਚ ਆਉਣ ਲਈ ਕਿਹਾ ਤੇ ਉਹ ਸਦਾ ਹੀ ਜੇਤੂ ਰਹਿੰਦੀ ਰਹੀ। ਯਾਦ ਰਹੇ ਕਿ ਉਸ ਵੇਲੇ ਦਾ ਪੰਜਾਬ ਕਿੰਨਾਂ ਵਿਸ਼ਾਲ ਸੀ ਤੇ ਇਹ ਮੁਕਾਬਲੇ ਲਾਇਲਪੁਰ ਵਰਗੇ ਥਾਵਾਂ 'ਤੇ ਹੁੰਦੇ ਸਨ। ਇੱਕ ਰੱਸਾਕਸ਼ੀ ਮੁਕਾਬਲੇ ਸਮੇਂ ਡਿਪਟੀ ਕਮਿਸ਼ਨਰ ਜੀ ਹਾਜ਼ਰ ਸਨ। ਮੁਕਾਬਲਾ ਇੰਨਾਂ ਸਖਤ ਹੋ ਗਿਆ ਕਿ ਦੋਵੇਂ ਟੀਮਾਂ ਬਹੁਤ ਲੰਬੇ ਸਮੇਂ ਲਈ ਜ਼ੋਰ ਕਰਦੀਆਂ ਇੱਕ ਦੂਜੀ ਵਿਰੁੱਧ ਅਡੋਲ ਖੜ੍ਹੀਆਂ ਰਹੀਆਂ। ਡਿਪਟੀ ਕਮਿਸ਼ਨਰ ਜੀ ਹੁਰਾਂ ਉਸੇ ਵਕਤ ਸਕੂਲਾਂ ਵਿੱਚ ਇਸ ਖੇਡ ਉੱਤੇ ਸਦਾ ਲਈ ਰੋਕ ਲਾ ਦਿੱਤੀ।

ਫਿਰ ਸਕੂਲ ਦਾ ਰੁਝਾਨ ਹਾਕੀ ਤੇ ਫੁੱਟਬਾਲ ਵੱਲ ਹੋ ਗਿਆ। ਇਨ੍ਹਾਂ ਖੇਡਾਂ ਵਿੱਚ ਵੀ ਸਕੂਲ ਨੇ ਬਹੁਤ ਮੱਲਾਂ ਮਾਰੀਆਂ। ਹਾਕੀ ਪਲੇਅਰ ਉਲੰਪੀਅਨ ਬਲਬੀਰ ਸਿੰਘ ਜੂਨੀਅਰ ਇਸ ਸਕੂਲ ਦੀ ਗਰਾਊਂਡ ਦੀ ਹੀ ਉਪਜ ਹੈ।

ਸਕੂਲ ਦੀਆਂ ਗਰਾਊਂਡਾਂ ਵਿੱਚ ਰੀਸੈੱਸ ਵਾਲ਼ਾ ਪੀਰੀਅਡ ਬਹੁਤ ਹੀ ਰਮਣੀਕ ਹੁੰਦਾ ਸੀ। ਗਰਾਊਂਡਾਂ ਵਿੱਚ ਪਤਾ ਨਹੀਂ 10 ਟੀਮਾਂ ਖੇਡਦੀਆਂ ਸਨ ਜਾਂ 20, ਕੋਈ ਅੰਦਾਜ਼ਾ ਨਹੀਂ। ਹਰ ਟੀਮ ਕੋਲ਼ ਘਸਿਆ ਹੋਇਆ ਟੈਨਿਸ ਬਾਲ ਹੁੰਦਾ ਸੀ। ਟੀਮਾਂ ਆਪਣੇ-ਆਪਣੇ ਬਾਲ ਨਾਲ਼ ਖੇਡਦੀਆਂ। ਪਾਸ, ਆਊਟ, ਥਰੋਅ ਤੇ ਗੋਲ ਹੁੰਦੇ ਰਹਿੰਦੇ। ਕਦੀ ਕਿਸੇ ਬਾਲ ਦਾ ਭੁਲੇਖਾ ਨਾ ਪੈਂਦਾ। ਖਿਡਾਰੀ ਡੂੰਮਣੇ ਦੀਆਂ ਮੱਖੀਆਂ ਵਾਂਗ ਤੇਜ਼ ਦੌੜਦੇ ਪਰ ਕਦੇ ਵੀ ਇੱਕ ਦੂਜੇ ਨਾਲ਼ ਨਾ ਟਕਰਾਉਂਦੇ। ਭਵਿੱਖ ਦੇ ਨਿਰਮਲ ਬਾਬੇ, ਕੇਵਲ ਸਿੰਘ ਮਾਲੀ ਤੇ ਪਿਆਰਾ ਸਿੰਘ ਕਾਂ ਵਰਗੇ ਖਿਡਾਰੀ ਇਹੋ ਜਿਹੇ ਮੈਚਾਂ ਨੇ ਹੀ ਤਿਆਰ ਕੀਤੇ ਸਨ।

ਇਸੇ ਤਰ੍ਹਾਂ ਫੁੱਟਬਾਲ ਦੀ ਖੇਡ ਵਿੱਚ ਵੀ ਸਕੂਲ ਨੇ ਬਹਤੁ ਨਾਮਣਾ ਖੱਟਿਆ। ਅੰਮ੍ਰਿਤਸਰ ਦੀਵਾਲ਼ੀ ਦੇ ਟੂਰਨਾਮੈਂਟ 'ਚ ਕਈ ਸਾਲ ਲਗਾਤਾਰ ਚੈਂਪੀਅਨਸ਼ਿੱਪ ਜਿੱਤੀ।

ਇਨ੍ਹਾਂ ਹੀ ਗਰਾਊਂਡਾਂ ਵਿੱਚ ਟਰੇਂਡ ਕੀਤੇ ਫੁੱਟਬਾਲ ਖਿਡਾਰੀ ਕੌਮੀ ਪੱਧਰ ਉੱਤੇ ਪਹੁੰਚੇ ਜਿਨ੍ਹਾਂ ਵਿੱਚ, ਸਤਵੰਤ ਸਿੰਘ ਬੈਂਸ, ਰਾਮ ਕਿਸ਼ਨ ਬਿੱਲਾ, ਨਿਰਮਲ ਸਿੰਘ ਸਹੋਤਾ, ਰਘਬੀਰ ਸਿੰਘ ਆਦਿ ਨਾਮ ਵਰਨਣਯੋਗ ਹਨ।

## ਮੈਂਗੋ-ਸੀਜਨ ਟੂਰਨਾਮੈਂਟ

ਜਦੋਂ ਕੋਈ ਸੰਸਥਾ ਠੀਕ-ਠਾਕ ਚੱਲਣ ਲੱਗ ਪਏ ਤਾਂ ਜ਼ਰੂਰਤ ਮਹਿਸੂਸ ਹੁੰਦੀ ਹੈ ਸਥਾਈ ਮਨੋਰੰਜਨ ਦੀ। ਇਲਾਕੇ ਦੇ ਲੋਕਾਂ ਨੇ ਇਸ ਮੌਜ-ਮੇਲੇ ਲਈ ਫੁੱਟਬਾਲ ਦੀ ਖੇਡ ਨੂੰ ਚੁਣ ਲਿਆ। ਇਸ ਖੇਡ ਵਿੱਚ ਫੁੱਟਬਾਲ ਮੈਚਾਂ ਦੀ ਲੜੀ ਸ਼ੁਰੂ ਕੀਤੀ। ਇਸ ਦਾ ਨਾਂ ਮੈਂਗੋ-ਸੀਜ਼ਨ ਟੂਰਨਾਮੈਂਟ ਰੱਖਿਆ। ਮਾਹਿਲਪੁਰ ਇਲਾਕਾ ਅੰਬਾਂ ਲਈ ਮਸ਼ਹੂਰ ਹੈ ਤੇ ਅੰਬਾਂ ਦੇ ਮੌਸਮ ਵਿੱਚ ਇਹ ਟੂਰਨਾਮੈਂਟ ਖੇਡਿਆ ਜਾਂਦਾ ਸੀ। ਹੌਲ਼ੀ-ਹੌਲ਼ੀ ਇਸ ਟੂਰਨਾਮੈਂਟ ਵਿੱਚ ਦੂਰੋਂ-ਦੂਰੋਂ ਟੀਮਾਂ ਆਉਣੀਆਂ ਸ਼ੁਰੂ ਹੋ ਗਈਆਂ ਤੇ ਸਾਰਾ ਇਲਾਕਾ ਇਸ ਟੂਰਨਾਮੈਂਟ ਨਾਲ਼ ਜੁੜ ਗਿਆ ਤੇ ਲੁਕਾਈ ਇਸ ਟੂਰਨਾਮੈਂਟ ਦੀ ਤੀਬਰਤਾ ਨਾਲ਼ ਉਡੀਕ ਕਰਦੀ। ਹਰ ਮੈਚ ਵੇਲੇ ਗਰਾਊਂਡ ਦੀਆਂ ਚਾਰੇ ਬਾਹੀਆਂ ਦਰਸ਼ਕਾਂ ਨਾਲ਼ ਖਚਾ-ਖਚ ਭਰੀਆਂ ਹੁੰਦੀਆਂ ਤੇ ਬਹੁਤ ਹੀ ਢੁੱਕਵੇ ਹੁੰਗਾਰੇ ਤੇ ਸ਼ਾਬਾਸ਼ੇ ਟੀਮਾਂ ਤੇ ਖਿਡਾਰੀਆਂ ਨੂੰ ਦਿੱਤੇ ਜਾਂਦੇ। ਇੱਕ ਦਿਲਚਸਪ ਗੱਲ। ਸ਼ਾਇਦ ਇਹ ਗੱਲ ਅਤਿਕਥਨੀ ਹੀ ਹੋਵੇ, ਫਿਰ ਵੀ ਜ਼ਿਕਰਯੋਗ ਹੈ ਕਿ ਕਿਸੇ ਅਬਦੁੱਲ ਹੱਕ ਨਾਮੀ

ਖਿਡਾਰੀ ਨੇ ਇੱਕ ਪਾਸੇ ਦੇ ਗੋਲਾਂ ਵਲੋਂ ਕਿੱਕ ਲਾਈ ਸੀ। ਇਸ ਕਿੱਕ ਨਾਲ਼ ਗੋਲ ਹੋਣ ਦੀ ਗੱਲ ਭਾਵੇਂ ਭਰੋਸੇਯੋਗ ਨਾ ਹੋਵੇ ਪਰ ਦੂਜੇ ਗੋਲਾਂ ਵਿੱਚ ਫੁੱਟਬਾਲ ਗਿਰ ਜਾਣਾ ਬਹੁਤ ਵੱਡੀ ਪ੍ਰਾਪਤੀ ਹੈ। ਇੱਕ ਗੱਲ ਹੋਰ। ਇੱਕ ਵਾਰ ਇਸ ਟੂਰਨਾਮੈਂਟ ਵਿੱਚ ਆਰੀਆ ਕਾਲਜ ਨਵਾਂ ਸ਼ਹਿਰ ਦੀ ਟੀਮ ਪਹੁੰਚੀ। ਦਰਸ਼ਕਾਂ ਵਿੱਚ ਹਾਜ਼ਰ ਕਾਲਜ ਦੇ ਡੀ.ਪੀ. ਸਾਹਿਬ ਸ. ਹਰਦਿਆਲ ਸਿੰਘ ਬੰਬੇਲੀ ਵਾਲੇ ਵੀ ਸਨ। ਉਨ੍ਹਾਂ ਦੀ ਅੱਖ ਬੜੀ ਤੇਜ਼ ਸੀ। ਉਨ੍ਹਾਂ ਨੇ ਇੱਕ ਲੜਕੇ ਨੂੰ ਨਵੇਂ ਤੇ ਨਿਵੇਕਲ਼ੇ ਅੰਦਾਜ਼ ਵਿੱਚ ਖੇਡਦੇ ਦੇਖਿਆ। ਉਹ ਕੋਲ਼ ਖੜੇ ਫੁੱਟਬਾਲ ਸਹਾਇਕ ਤਰਸੇਮ ਸਿੰਘ ਭਾਰਟਾ ਨੂੰ ਕਹਿਣ ਲੱਗੇ," ਇਹ ਮੁੰਡਾ ਤਾਂ ਇੰਡੀਆ ਲੈਵਲ ਦਾ ਪਲੇਅਰ ਬਣ ਸਕਦਾ ਹੈ।" ਇਹ ਗੱਲ ਪ੍ਰਿੰਸੀਪਲ ਸਾਹਿਬ ਕੋਲ ਪਹੁੰਚ ਗਈ। ਪ੍ਰਿੰਸੀਪਲ ਸਾਹਿਬ ਵਲੋਂ ਹੁਕਮ ਹੋਇਆ ਕਿ ਲੜਕੇ ਦਾ ਪਿੱਛਾ ਕੀਤਾ ਜਾਵੇ ਤੇ ਹਰ ਕੀਮਤ 'ਤੇ ਉਸ ਨੂੰ ਕਾਲਜ ਲਿਆਂਦਾ ਜਾਵੇ। ਲੜਕੇ ਦਾ ਪਿੰਡ ਪਨਾਮ ਸੀ। ਉਹ ਨਵਾਂਸ਼ਹਿਰ ਵਿੱਚ ਵਿਦਿਆਰਥੀ ਸੀ। ਉਸ ਲਈ ਪਨਾਮ-ਮਾਹਿਲਪੁਰ ਸਫਰ, ਪਨਾਮ-ਨਵਾਂ-ਸ਼ਹਿਰ ਦੇ ਸਫਰ ਤੋਂ ਲੰਬਾ ਸੀ। ਪਰ ਫਿਰ ਵੀ ਉਸ ਨੇ ਤੇ ਉਸ ਦੇ ਮਾਪਿਆਂ ਨੇ ਲੜਕੇ ਬਾਰੇ ਜੋ ਮੰਗਾਂ ਰੱਖੀਆਂ ਇੰਨ-ਬਿੰਨ ਪੂਰੀਆਂ ਕੀਤੀਆਂ ਗਈਆਂ। ਕੋਸ਼ਿਸ਼ ਕਰਕੇ ਉਸ ਖਿਡਾਰੀ ਨੂੰ ਮਾਹਿਲਪੁਰ ਕਾਲਜ ਲੈ ਆਂਦਾ ਗਿਆ। ਹੁਣ ਤੱਕ ਪਾਠਕ ਜਾਣ ਗਏ ਹੋਣਗੇ ਕਿ ਇਹ ਖਿਡਾਰੀ ਜਰਨੈਲ ਸਿੰਘ ਸੀ।

## ਕਾਲਜ ਦਾ ਐਲਾਨ

1944-45 ਦੀ 9 ਵੀਂ ਜਮਾਤ ਸਮੁੱਚੇ ਤੌਰ ਉੱਤੇ ਬਹੁਤ ਹੁਸ਼ਿਆਰ ਸੀ। ਪ੍ਰਿੰਸੀਪਲ ਸਾਹਿਬ ਹੁਰਾਂ ਵੱਖ-ਵੱਖ ਸਕੂਲਾਂ ਵਿੱਚ ਪੜ੍ਹਾਇਆ ਸੀ। ਉਹ ਅਕਸਰ ਗੱਲ ਕਰਦੇ ਸਨ ਕਿ ਇਹੋ ਜਿਹੇ ਲੜਕੇ/ਵਿਦਿਆਰਥੀ ਮੈਟ੍ਰਿਕ ਪਾਸ ਕਰਨ ਤੋਂ ਬਾਅਦ ਕਿੱਥੇ ਜਾਣਗੇ। ਸਕੂਲ ਦੇ ਹਾਲ ਵਿਚ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਇਆ ਜਾਣਾ ਸੀ। ਪ੍ਰਿੰਸੀਪਲ ਸਾਹਿਬ ਨੇ ਉੱਥੇ ਐਲਾਨ ਕਰ ਦਿੱਤਾ ਕਿ ਉਹ ਇਲਾਕੇ ਦੇ ਬੱਚਿਆਂ ਲਈ ਕਾਲਜ ਖੋਲ੍ਹਣਗੇ।

ਪ੍ਰਿੰਸੀਪਲ ਸਾਹਿਬ ਨੇ ਕਾਲਜ ਦਾ ਐਲਾਨ ਤਾਂ ਕਰ ਦਿੱਤਾ ਪਰ ਸਭ ਤੋਂ ਪਹਿਲਾਂ ਜ਼ਮੀਨ ਦਾ ਏਕੜਾਂ ਵਿੱਚ ਵੱਡਾ ਖੱਤਾ ਚਾਹੀਦਾ ਸੀ। ਨਗਰ ਮਾਹਿਲਪੁਰ ਦੀ ਧਰਮਸ਼ਾਲਾ ਦੇ ਗੁਰਦੁਆਰਾ ਸਾਹਿਬ ਵਿੱਚ ਪ੍ਰਿੰਸੀਪਲ ਸਾਹਿਬ ਹੁਰਾਂ ਜ਼ਮੀਨ ਲਈ ਬੇਨਤੀ ਕੀਤੀ। ਮਾਹਿਲਪੁਰ ਨਿਵਾਸੀਆਂ ਨੇ ਭਰਵਾਂ ਹੁੰਗਾਰਾ ਦਿੱਤਾ ਤੇ ਵੱਡਾ ਰਕਬਾ ਕਾਲਜ ਲਈ ਦਾਨ ਵਜੋਂ ਦਿੱਤਾ। ਇਹ ਜ਼ਮੀਨ ਉੱਚੀ ਨੀਵੀਂ ਸੀ। ਇਸ ਦਾ ਲੈਵਲ ਹੋਣਾ ਇੱਕ ਕਠਿਨ ਕਾਰਜ ਸੀ। ਇਸ ਨੂੰ ਪੱਧਰਾ ਕਰਨ ਦਾ ਜ਼ਿੰਮਾ ਬਖਸ਼ੀਸ਼ ਸਿੰਘ ਸੇਠ ਦੇ ਚਾਚਾ ਜੀ ਸ. ਲਛਮਣ ਸਿੰਘ ਬੈਂਸ ਨੇ ਲਿਆ। ਉਸ ਵੇਲੇ ਕਰਾਹੀ ਦਾ ਕੰਮ ਬਲਦਾਂ ਨਾਲ਼ ਹੁੰਦਾ ਸੀ। ਸ. ਲਛਮਣ ਸਿੰਘ ਬੈਂਸ ਨੇ ਲੈਵਲਿੰਗ ਦਾ ਕੰਮ ਸਿਰੇ ਚੜ੍ਹਾਇਆ। ਮਾਸਟਰ ਚੈਂਚਲ ਸਿੰਘ ਬੈਂਸ ਨੇ ਕਾਲਜ ਦੀ ਇਮਾਰਤ ਉਸਾਰਨ ਵਿੱਚ ਬਹੁਤ ਯੋਗਦਾਨ ਪਾਇਆ।

ਕਾਲਜ ਉਸਾਰਨ ਲਈ ਬਹੁਤ ਵੱਡੀਆਂ ਰਕਮਾਂ ਦੀ ਲੋੜ ਸੀ। ਮਾਹਿਲਪੁਰ ਨਿਵਾਸੀਆਂ ਨੇ ਜ਼ਮੀਨ ਦਾਨ ਕਰ ਦਿੱਤੀ ਪਰ ਨਕਦ ਮਾਇਆ ਇਕੱਠੀ ਕਰਨ ਲਈ ਇਲਾਕੇ ਨੇ ਸੰਤ ਹਰੀ ਸਿੰਘ ਜੀ ਕੁਟੀਆ ਕਹਾਰਪੁਰ ਹੁਰਾਂ ਨੂੰ ਬੇਨਤੀ ਕੀਤੀ। ਉਨ੍ਹਾਂ ਇਹ ਬੇਨਤੀ ਸਵੀਕਾਰ ਕਰਕੇ ਆਪਣੀ ਸਿੱਖੀ ਸੇਵਕੀ ਤੋਂ ਵੱਡੀਆਂ-ਵੱਡੀਆਂ ਰਕਮਾਂ ਇਕੱਠੀਆਂ ਕੀਤੀਆ। ਹਰ



ਸੇਵਕ ਤੋਂ ਉਹ ਤਕਰੀਬਨ ਉਸ ਵੇਲੇ 500/- ਰੁ: ਲੈਂਦੇ ਸਨ ਜੋ ਉਸ ਵੇਲੇ ਬਹੁਤ ਵੱਡੀ ਰਕਮ ਸੀ। ਫਿਰ ਸੰਤ ਜੀ ਪਾਕਿਸਤਾਨ ਬਾਰ ਦੇ ਇਲਾਕੇ ਵਿੱਚ ਗਏ। ਉੱਥੇ ਘੋੜੀ ਉਪਰ ਸਫਰ ਕਰਕੇ ਉਹ ਹਰ ਸੇਵਕ ਕੋਲ਼ ਪਹੁੰਚੇ ਤੇ ਮਾਇਆ ਇਕੱਠੀ ਕੀਤੀ। ਉਹ ਉਮਰ ਭਰ ਕਾਲਜ ਦੇ ਪ੍ਰਧਾਨ ਰਹੇ।

ਪ੍ਰਿੰਸੀਪਲ ਸਾਹਿਬ ਆਪ ਵੀ ਮਾਇਆ ਇਕੱਠੀ ਕਰਨ ਵਿੱਚ ਰੁੱਝ ਗਏ। ਪਹਿਲਾਂ ਕਾਲਜ ਵਿੱਚ ਚਾਰ ਕਮਰੇ ਬਣੇ। ਇਸ ਤਰ੍ਹਾਂ ਕਾਲਜ ਸ਼ੁਰੂ ਹੋ ਗਿਆ।

ਕਾਲਜ ਦਾ ਨਕਸ਼ਾ ਲਾਹੌਰ ਦੇ ਇੱਕ ਕਾਲਜ ਦਾ ਸੀ। ਵੱਡੇ-ਵੱਡੇ ਕਮਰੇ, ਵੱਡਾ ਸਾਰਾ ਹਾਲ। ਸਾਰੇ ਇਲਾਕੇ ਲਈ ਇੱਕ ਵੰਗਾਰ, ਇੱਕ ਸੁਪਨਾ, ਇੱਕ ਆਸ। ਸੈਲਾ ਖ਼ੁਰਦ ਦੇ ਰੇਲਵੇ ਸਟੇਸ਼ਨ 'ਤੇ ਪਹੁੰਚੇ ਗਾਡਰ ਬੜੇ ਸਲੀਕੇ ਨਾਲ਼ ਮਾਹਿਲਪੁਰ ਲਿਆਂਦੇ ਗਏ। ਇਹ ਢੋਆਂ-ਢੁਆਈ ਇੱਕ ਅਲੋਕਾਰ ਦ੍ਰਿਸ਼ ਸੀ। ਫਿਰ ਗਾਡਰਾਂ ਦਾ ਛੱਤ ਤੱਕ ਪਹੁੰਚਣਾ ਇੱਕ ਚਮਤਕਾਰ ਸੀ। ਇਸ ਉਸਾਰੀ ਦੀ ਦੇਖ-ਰੇਖ ਇੱਕ ਕੰਬਲ਼ੀ ਵਾਲ਼ਾ ਬਾਬਾ ਕਰਦਾ ਸੀ ਜਿਸਦਾ ਸਬੰਧ ਕੁਟੀਆ ਕਹਾਰਪੁਰ ਨਾਲ਼ ਸੀ। ਇਲਾਕੇ ਦੇ ਪਤਵੰਤੇ ਤੇ ਸਰਕਰਦਾ ਸੱਜਣ ਇਸ ਪ੍ਰੋਜੈਕਟ ਵਿੱਚ ਬਹੁਤ ਦਿਲਚਸਪੀ ਲੈਂਦੇ ਸਨ ਤੇ ਤਕਰੀਬਨ ਹਰ ਰੋਜ਼ ਕਾਲਜ ਖੇਤਰ ਵਿੱਚ ਇਕੱਠੇ ਹੁੰਦੇ ਸਨ।

ਪ੍ਰਿੰਸੀਪਲ ਸਾਹਿਬ ਕਾਲਜ ਵਿੱਚ ਬਿਨ ਤਨਖਾਹ (Honorary) ਸਰਵਿਸ ਕਰਦੇ ਸਨ। ਇੱਕ ਵਾਰ ਯੂਨੀਵਰਸਿਟੀ ਤੋਂ ਆਦੇਸ਼ ਆਇਆ ਕਿ ਇੱਕ ਵੱਡੀ ਰਕਮ ਜਮ੍ਹਾਂ ਕਰਵਾਈ ਜਾਵੇ। ਕੋਈ ਵਸੀਲਾ ਨਾ ਬਣਦਾ ਦੇਖਕੇ ਪ੍ਰਿੰਸੀਪਲ ਸਾਹਿਬ ਨੇ ਜ਼ਿਲ੍ਹਾਂ ਕਚਹਿਰੀਆਂ ਹੁਸ਼ਿਆਰਪੁਰ ਦੇ ਨਜ਼ਦੀਕ ਆਪਣੀ ਆਲੀਸ਼ਾਨ ਦੋ ਮੰਜ਼ਿਲੀ ਬਿਲਡਿੰਗ ਵੇਚ ਦਿੱਤੀ ਤੇ ਪੰਜਾਬ ਯੂਨੀਵਰਸਿਟੀ ਦੀ ਸ਼ਰਤ ਪੂਰੀ ਕੀਤੀ।

ਫਿਰ ਪ੍ਰਿੰਸੀਪਲ ਸਾਹਿਬ ਨੇ ਟੀਚਰ ਲੱਭਣੇ ਸ਼ੁਰੂ ਕੀਤੇ। ਉਨ੍ਹਾਂ ਦੀ ਰਿਹਾਇਸ਼ ਲਈ, ਉਨ੍ਹਾਂ ਲਈ ਦਰਜਨ ਕੁ ਘਰ ਉਸਾਰੇ ਗਏ। ਕਿਸੇ ਨੂੰ ਲਾਹੌਰ ਤੋਂ ਲਿਆਂਦਾ ਗਿਆ, ਕਿਸੇ ਨੂੰ ਯੂ.ਪੀ. ਵਿੱਚੋਂ। ਜੋ ਵੀ ਯੂਨੀਵਰਸਿਟੀ ਵਿੱਚੋਂ ਚੰਗਾ ਵਿਦਿਆਰਥੀ ਲੱਭੇ, ਉਸ ਨੂੰ ਬੁਲਾਇਆ ਜਾਂਦਾ। ਪ੍ਰਿੰਸੀਪਲ ਸਾਹਿਬ ਵਲੋਂ ਹਰ ਸੰਭਵ ਸਹੂਲਤ ਦੇਣ ਦਾ ਭਰੋਸਾ ਦੇ ਕੇ ਪ੍ਰੋਫੈਸਰਾਂ ਨੂੰ ਕਾਲਜ ਪੜ੍ਹਾਉਣ ਆਉਣ ਲਈ ਪ੍ਰੇਰਿਆ ਜਾਂਦਾ।

ਪ੍ਰਿੰਸੀਪਲ ਸਾਹਿਬ ਸਵੱਖਤੇ ਉੱਠਦੇ ਸਨ ਤੇ ਆਪਣੇ ਪੁਰਾਣੇ ਸਾਥੀ ਮੁਣਸ਼ੀ ਫਤਹਿ ਸਿੰਘ ਹੁਰਾਂ ਦੇ ਸਾਹਿਬਜ਼ਾਦੇ ਸ. ਬਾਬੂ ਸਿੰਘ ਜੀ ਨਾਲ਼ ਸੈਰ ਕਰਨ ਜਾਂਦੇ।ਟੂਟੋਮਜ਼ਾਰੇ ਤੱਕ ਸੈਰ ਕਰਦੇ ਫਿਰ ਕਾਲਜ ਪਹੁੰਚਦੇ ਤੇ ਪਲੇਅਰਾਂ ਨੂੰ ਕਾਲਜ ਦੀ ਗਰਾਊਂਡ ਵਿੱਚ ਖੇਡਦਿਆਂ ਨੂੰ ਦੇਖ ਕੇ ਘਰ ਪਰਤ ਜਾਂਦੇ। ਫਿਰ ਉਹ ਘਰੋਂ ਤਿਆਰ ਹੋ ਕੇ ਹੱਥ ਵਿੱਚ ਖੂੰਡੀ ਫੜ੍ਹ ਕੇ ਬਾਜ਼ਾਰ ਵਿੱਚਦੀ ਹਮੇਸ਼ਾਂ ਇੱਕ ਹੀ ਰਸਤੇ ਵਿੱਚੋਂ ਲੋਕਾਂ ਤੇ ਦੁਕਾਨਦਾਰਾਂ ਨੂੰ ਫਤਹਿ ਬੁਲਾਉਂਦੇ ਸਕੂਲ ਵਿੱਚ ਦਾਖਲ ਹੁੰਦੇ। ਉਦੋਂ ਸਕੂਲ ਤੇ ਕਾਲਜ ਇੱਕ ਹੀ ਸਮਝੇ ਜਾਂਦੇ ਸਨ। ਕੋਈ ਦੀਵਾਰ ਨਹੀਂ ਸੀ ਹੁੰਦੀ। ਵਿਦਿਆਰਥੀਆਂ ਨਾਲ਼ ਗਰਾਊਂਡ ਲਾਗਲੇ ਰਸਤੇ ਭਰੇ ਹੁੰਦੇ। ਜਦੋਂ ਪ੍ਰਿੰਸੀਪਲ ਸਾਹਿਬ ਨਜ਼ਰ ਆਉਂਦੇ ਵਿਦਿਆਰਥੀ ਭਿਰਨ-ਭਿਰਨ ਰਸਤੇ ਤੋਂ ਦੂਰ ਚਲੇ ਜਾਂਦੇ ਤੇ ਫਿਰ ਸਾਰਾ ਦਿਨ ਕਾਲਜ ਦਾ ਕਾਰੋਬਾਰ ਚਲਦਾ। ਸ਼ਾਮ ਵੇਲੇ ਫੁੱਟਬਾਲ ਦੀ ਪ੍ਰੈਕਟਿਸ ਦਾ ਜਾਇਜ਼ਾ ਲੈਂਦੇ ਤੇ ਖਿਡਾਰੀਆਂ ਦੀ ਸਪੈਸ਼ਲ ਪੜ੍ਹਾਈ ਦੇ ਪ੍ਰਬੰਧ ਬਾਰੇ ਪੁੱਛ ਪੜਤਾਲ਼ ਕਰਦੇ। ਫਿਰ ਉਹ ਟੈਨਿਸ ਗਰਾਊਂਡ ਵਿੱਚ ਚਲੇ ਜਾਂਦੇ। ਉੱਥੇ ਆਏ ਪ੍ਰੋਫੈਸਰਾਂ ਨਾਲ਼ ਸੰਵਾਦ

ਰਚਾਉਂਦੇ। ਇੱਥੇ ਦਾ ਇਕੱਠ ਇੱਕ ਮੀਟਿੰਗ ਵੀ ਹੁੰਦਾ ਤੇ ਮਨੋਰੰਜਨ ਦਾ ਸਾਧਨ ਵੀ।ਪ੍ਰੋਫੈਸਰ ਵੀ ਚੰਗਾ ਮਹੌਲ ਦੇਣ ਲਈ ਹਰ ਰੋਜ਼ ਸ਼ਾਮ ਨੂੰ ਟੈਨਿਸ ਖੇਡਦੇ ਤੇ ਇਸ ਥਾਂ ਨੂੰ ਕਲੱਬ ਦਾ ਮਹੌਲ ਦੇ ਦਿੱਤਾ। ਇਸ ਵਕਤ ਹੀ ਪ੍ਰਿੰਸੀਪਲ ਸਾਹਿਬ ਮੁੰਗਲ਼ੀਆਂ ਵੀ ਫੇਰਦੇ।

ਫਿਰ ਆਈ ਗੱਲ ਵਿਦਿਆਰਥੀਆਂ ਦੀ। ਕੀ ਕਾਲਜ ਵਿੱਚ ਕੇਵਲ ਲੜਕੇ ਹੀ ਪੜ੍ਹਣਗੇ ਜਾਂ ਲੜਕੀਆਂ ਵੀ। ਆਓ ਪਹਿਲਾਂ ਅੱਜ ਦੇ ਸਮੇਂ ਵਿੱਚ ਧੀਆਂ ਦੀ ਹੱਤਿਆ ਦੀ ਗੱਲ ਦੁਹਰਾਈਏ ਤੇ ਫਿਰ ਕਿਆਸ ਕਰੀਏ ਲੜਕੀਆਂ ਨੂੰ ਪੜ੍ਹਾਉਣ ਦੀ ਗੱਲ। ਪ੍ਰਿੰਸੀਪਲ ਸਾਹਿਬ ਨੇ ਉਸ ਦੌਰ ਵਿੱਚ ਧੀਆਂ ਦੇ ਹੱਕ ਦੀ ਗੱਲ ਕੀਤੀ। ਉਹ ਵੀ ਮੁੰਡਿਆਂ ਨਾਲ਼ ਸਾਂਝੀ ਵਿੱਦਿਆ। ਉਦੋਂ ਕੁੜੀਆਂ ਤੇ ਔਰਤਾਂ ਬਾਰੇ ਸਾਡੀ ਸੋਚ ਮੁਸਲਿਮ ਦੇਸ਼ਾਂ ਵਰਗੀ ਸੀ। ਇਸ ਕੋ-ਐਜੂਕੇਸ਼ਨ ਦਾ ਫੈਸਲਾ ਅੱਗ ਨਾਲ਼ ਖੇਡਣ ਬਰਾਬਰ ਸੀ। ਪ੍ਰਿੰਸੀਪਲ ਸਾਹਿਬ ਨੂੰ ਬਹੁਤ ਤਾਹਨੇ-ਮਿਹਣੇ ਸੁਣਨੇ ਪਏ। ਇੱਕ ਪਿੰਡ ਦੇ ਲੋਕਾਂ ਨੇ ਤਾਂ ਪ੍ਰਿੰਸੀਪਲ ਸਾਹਿਬ ਨਾਲ਼ ਕੁੱਝ ਜ਼ਿਆਦਾ ਹੀ ਸਖਤ ਕਲਾਮੀ ਕੀਤੀ ਸੀ। ਪਰ ਪ੍ਰਿੰਸੀਪਲ ਸਾਹਿਬ ਅਡੋਲ ਰਹੇ। ਉਨ੍ਹਾਂ ਨੂੰ ਪੂਰਨ ਵਿਸ਼ਵਾਸ਼ ਸੀ ਕਿ ਉਹ ਸੱਚ ਦੇ ਰਾਹ ਤੁਰ ਰਹੇ ਹਨ। ਉਹ ਸੱਚੇ ਸਾਬਿਤ ਹੋਏ। ਅੱਜ ਅਸੀਂ ਉਨ੍ਹਾਂ ਨੂੰ ਇਸ ਸਹੀ, ਮਹਾਨ ਤੇ ਅੰਤਰ-ਰਾਸ਼ਟਰੀ ਮਨੁੱਖਤਾਵਾਦੀ ਫੈਸਲਾ ਲੈਣ ਲਈ ਸਿੱਜਦਾ ਕਰਦੇ ਹਾਂ। ਉਨ੍ਹਾਂ ਦੀ ਸੋਚ ਉਸ ਵੇਲੇ ਦੇ ਸਮੇਂ ਤੋਂ ਬਹੁਤ ਅੱਗੇ ਸੀ।

ਲੜਕੇ ਤਾਂ ਧੜਾਧੜ ਦਾਖ਼ਲ ਹੋ ਗਏ। ਫਿਰ ਕੁੜੀਆਂ ਕਿੱਥੋਂ ਆਉਣ? ਪ੍ਰਿੰਸੀਪਲ ਸਾਹਿਬ ਦੀ ਆਪਣੀ ਕੋਈ ਧੀ ਨਹੀਂ ਸੀ। ਫਿਰ ਕਿਸ ਨੂੰ ਅੱਗੇ ਕੀਤਾ ਜਾਵੇ? ਪਹਿਲਾਂ ਵਾਰੀ ਆਈ ਉਨ੍ਹਾਂ ਦੀ ਭਾਣਜ-ਨੂੰਹ ਦੀ। (ਸੁੱਖ ਨਾਲ਼ ਕਾਲਜ ਵਿੱਚ ਇਸ ਵੇਲੇ ਮੁੰਡਿਆਂ ਨਾਲ਼ੋਂ ਵੱਧ ਗਿਣਤੀ ਕੁੜੀਆਂ ਦੀ ਹੈ)। ਉਨ੍ਹਾਂ ਦੀ ਭਾਣਜ-ਨੂੰਹ ਕਾਲਜ ਦੇ ਗੇਟ ਤੱਕ ਡੋਢਣਾ ਲੈ ਕੇ ਇੱਕ ਨੂੰਹ ਵਾਲੀ ਪੁਸ਼ਾਕ ਵਿੱਚ ਆਉਂਦੀ ਸੀ ਤੇ ਕਾਲਜ ਵਿੱਚ ਉਹ ਇੱਕ ਸਿੱਧੀ ਸਾਦੀ ਵਿਦਿਆਰਥਣ ਦੇ ਰੂਪ ਵਿੱਚ ਦਾਖ਼ਲ ਹੁੰਦੀ ਸੀ, ਛੁੱਟੀ ਹੋਣ ਵੇਲੇ ਇਹ ਵਰਤਾਰਾ ਪੁੱਠੇ ਗੇੜ ਵਿੱਚ ਚਲਦਾ ਸੀ। ਹੁਣ ਹੋਰ ਕੁੜੀਆਂ ਕਿੱਥੋਂ ਆਉਣ? ਫਿਰ ਵਾਰੀ ਆਈ ਘਰਵਾਲ਼ੀ ਦੀਆਂ ਭਤੀਜੀਆਂ ਦੀ। ਦੋਸਤਾਂ ਦੀਆਂ ਧੀਆਂ ਦੀ। ਸ਼ਰੀਕੇ ਦੀਆਂ ਧੀਆਂ ਦੀ। ਫਿਰ ਇਹ ਕੁੜੀਆਂ ਕੰਬਦੀਆਂ-ਕੰਬਦੀਆਂ ਕਾਲਜ ਜਾਂਦੀਆਂ ਸਨ। ਉਹ ਨੀਵੀਂ ਪਾਈ ਕਾਲਜ ਵਿੱਚ ਘੁੰਮਦੀਆਂ। ਸਿਰ ਤੋਂ ਚੁੰਨੀ ਨਾ ਲਾਹੁੰਦੀਆਂ। ਮੁੰਡੇ ਤਿਰਸ਼ੀਆਂ ਨਜ਼ਰਾਂ ਨਾਲ਼ ਦੇਖਦੇ, ਦੰਦੀਆਂ ਕੱਢਦੇ ਰਹਿੰਦੇ। ਬਾਬਾ ਜੀ, ਪ੍ਰਿੰਸੀਪਲ ਸਾਹਿਬ ਇਹ ਸਭ ਕੁੱਝ ਦੇਖਦੇ ਰਹਿੰਦੇ। ਛੋਟੀਆਂ-ਮੋਟੀਆਂ ਸ਼ਿਕਾਇਤਾਂ ਵੀ ਆਉਂਦੀਆਂ। ਉਸ ਮੌਕੇ ਮੁਤਾਬਿਕ, ਪ੍ਰਿੰਸੀਪਲ ਸਾਹਿਬ ਬਹੁਤ ਹੀ ਸਿਆਣੇ ਫੈਸਲੇ ਲੈਂਦੇ ਤੇ ਕਈ ਨਾਜ਼ਕ ਮਸਲਿਆਂ ਵਿੱਚ ਆਈ ਗਈ ਕਰ ਜਾਂਦੇ। ਮਹੌਲ ਠੀਕ ਤੋਂ ਠੀਕ ਹੁੰਦਾ ਗਿਆ। ਉਹ ਕਿਹੋ ਜਿਹੇ ਸਮੇਂ ਸੀ। ਉਸ ਵੇਲੇ ਦੇ ਵਿਦਿਆਰਥੀਆਂ ਦੀਆਂ ਮਾਸੂਮੀਅਤ ਭਰੀਆਂ ਹਰਕਤਾਂ ਤੇ ਸ਼ਰਾਰਤਾਂ ਉੱਤੇ ਅੱਜ ਦੇ ਸਮੇਂ ਵਿੱਚ ਹਾਸਾ ਆਉਂਦਾ ਹੈ। ਪਰ ਉਸ ਵੇਲੇ ਇਨ੍ਹਾਂ ਉੱਤੇ ਧਮਾਕੇ ਵੀ ਹੋ ਸਕਦੇ ਸਨ। ਪਰ ਪ੍ਰਿੰਸੀਪਲ ਸਾਹਿਬ ਦੀ ਸੂਝ ਤੇ ਕਾਰਜਸ਼ੈਲੀ ਨੇ ਸਭ ਕੁੱਝ ਨੂੰ ਢਕੀ ਰੱਖਿਆ। ਉਹ ਕਿਹੋ ਜਿਹੀਆਂ ਕੁੜੀਆਂ ਸਨ! ਹਰ ਧੀ ਨੂੰ ਪ੍ਰਿੰਸੀਪਲ ਸਾਹਿਬ ਜੀ ਦੀ ਪੇਸ਼ਕਸ਼ ਸੀ ਕਿ ਪੜ੍ਹਾਈ ਲਈ ਉਹ ਬੇ-ਝਿਜਕ ਉਨ੍ਹਾਂ ਦੇ ਘਰ ਰਹਿ ਸਕਦੀ ਹੈ ਤੇ ਘਰ ਵਿੱਚ ਜੋ ਰੁੱਖਾ-ਮਿੱਸਾ ਬਣੇਗਾ ਉਸ ਨੂੰ ਵੀ ਦਿੱਤਾ ਜਾਏਗਾ। ਕਿਹੋ ਜਿਹੇ ਸਨ ਪ੍ਰਿੰਸੀਪਲ ਸਾਹਿਬ !



## ਸੁਪਨਾ ਪੂਰਾ ਹੋਇਆ

ਜੇ ਪ੍ਰਿੰਸੀਪਲ ਸਾਹਿਬ ਨੇ ਲੜਕੀਆਂ ਦੀ ਪੜ੍ਹਾਈ ਦਾ ਬੀੜਾ ਚੁੱਕਿਆ ਤਾਂ ਲੜਕੀਆਂ ਨੇ ਵੀ ਇਸ ਉੱਦਮ ਤੇ ਦਲੇਰੀ ਦਾ ਢੁੱਕਵਾਂ ਹੁੰਗਾਰਾ ਦਿੱਤਾ। ਕਾਲਜ ਦੇ ਮੁਢਲੇ ਸਾਲਾਂ ਦੀਆਂ ਲੜਕੀਆਂ ਪ੍ਰਾਪਤੀਆਂ ਇਸ ਤਰ੍ਹਾਂ ਹਨ। ਪ੍ਰਿੰਸੀਪਲ ਸਾਹਿਬ ਦੀ ਪ੍ਰੇਰਨਾ ਨਾਲ਼ ਜਗਦੀਸ਼ ਕੌਰ ਬੈਂਸ ਨੇ ਐੱਮ.ਬੀ.ਬੀ.ਐੱਸ. ਦੀ ਡਿਗਰੀ ਪ੍ਰਾਪਤ ਕੀਤੀ। ਇਸੇ ਤਰ੍ਹਾਂ ਬੀਬੀ ਰਕਸ਼ਾ ਬਾਲੀ ਮਾਹਿਲਪੁਰ ਦੀ ਪਹਿਲੀ ਵਿਦਿਆਰਥਣ ਸੀ ਜਿਸਨੇ ਐੱਮ.ਏ. ਪਾਸ ਕਰਨ ਦਾ ਮਾਣ ਹਾਸਿਲ ਕੀਤਾ। ਇਸੇ ਤਰ੍ਹਾਂ ਬੀਬੀ ਅਮਰਜੀਤ ਕੌਰ, ਨਛੱਤਰ ਕੌਰ, ਓਪਿੰਦਰ ਕੌਰ ਤੇ ਮਹਿੰਦਰ ਕੌਰ ਨੇ ਉੱਚ ਵਿੱਦਿਆ ਪ੍ਰਾਪਤ ਕਰਕੇ ਕਾਲਜ ਦਾ ਨਾਂ ਰੋਸ਼ਨ ਕੀਤਾ। ਫਿਰ ਚੱਲ ਸੋ ਚੱਲ। ਇਸ ਤਰ੍ਹਾਂ ਪ੍ਰਿੰ. ਸਾਹਿਬ ਦਾ ਲੜਕੀਆਂ ਦੀ ਪੜ੍ਹਾਈ ਦਾ ਸੁਪਨਾ ਉਨ੍ਹਾਂ ਦੇ ਸਾਹਮਣੇ ਸਾਕਾਰ ਹੋ ਗਿਆ।

## ਲੜਕਿਆਂ ਦਾ ਹੋਸਟਲ

ਅਜ਼ਾਦੀ ਤੋਂ ਬਾਅਦ ਹਰ ਪੇਂਡੂ ਤੰਗੀ-ਤੁਰਸ਼ੀ ਦਾ ਸ਼ਿਕਾਰ ਸੀ। ਘਰਾਂ ਵਿੱਚ ਪੜ੍ਹਾਈ ਦਾ ਮਹੌਲ ਨਹੀਂ ਸੀ। ਬਹੁਤ ਸਾਰੇ ਲੜਕੇ ਮਾਹਿਲਪੁਰ ਸਕੂਲ ਦੀ ਸ਼ੋਭਾ ਸੁਣਕੇ ਕਾਲਜ ਵੱਲ ਵੀ ਖਿੱਚੇ ਜਾਣ ਲੱਗੇ। ਮਾਝੇ, ਮਾਲਵੇ ਤੇ ਮੰਜਕੀ ਤੋਂ ਵਿਦਿਆਰਥੀ ਕਾਲਜ ਵਿੱਚ ਦਾਖਲ ਹੋ ਗਏ। ਉਦਾਹਰਣ ਵਜੋਂ ਖਰੜ (ਮੁਹਾਲ਼ੀ) ਸਕੂਲ ਦੇ ਹੈੱਡਮਾਸਟਰ ਸਾਹਿਬ ਦਾ ਬੇਟਾ ਗੁਰਲੋਚਨ ਸਿੰਘ ਕਾਲਜ ਦਾਖਲ ਹੋ ਕੇ ਹੋਸਟਲ ਵਿੱਚ ਰਹਿੰਦਾ ਸੀ। ਇਹ ਵੱਡਾ ਹੋਸਟਲ ਲਾਇਕ ਵਿਦਿਆਰਥੀਆਂ, ਫੁੱਟਬਾਲਰਾਂ ਤੇ ਦੂਰੋਂ ਆਏ ਵਿਦਿਆ-ਰਥਆਂ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਸੀ। ਇਸ ਦਾ ਰਸੋਈਖਾਨਾ ਬਹੁਤ ਵਧੀਆ ਤਰੀਕੇ ਨਾਲ਼ ਚਲਦਾ ਸੀ ਤੇ ਇਸ ਦਾ ਠੇਕੇਦਾਰ ਬੰਸੀ ਲਾਲ ਬਹੁਤ ਹੀ ਨੇਕ ਤੇ ਮਿਲਣਸਾਰ ਇਨਸਾਨ ਸੀ।

ਕਾਲਜ ਸਥਾਪਿਤ ਹੋ ਗਿਆ ਤੇ ਇਹ ਕਥਨ ਉਸ ਵੇਲੇ ਬੜੇ ਮਾਣ ਨਾਲ਼ ਕਿਹਾ ਜਾ ਸਕਦਾ ਸੀ ਕਿ ਇਹ ਸੰਗਠਿਤ ਪੰਜਾਬ ਵਿੱਚ ਇੱਕੋ ਇੱਕ ਰੂਰਲ ਕਾਲਜ ਸੀ।

## ਪ੍ਰਿੰਸੀਪਲ ਸਾਹਿਬ ਦੀ ਆਮ-ਸੂਝ

ਪ੍ਰਿੰਸੀਪਲ ਸਾਹਿਬ ਵਲੋਂ ਸ਼ਿਕਾਇਤਾਂ ਸੁਣੀਆਂ ਜਾਂਦੀਆਂ ਸਨ ਅਤੇ ਉਨ੍ਹਾਂ ਉੱਤੇ ਫੈਸਲੇ ਲੈ ਕੇ ਵਧੀਆਂ ਢੰਗ ਨਾਲ਼ ਨਬੇੜੇ ਵੀ ਕੀਤੇ ਜਾਂਦੇ ਸਨ। ਉਹ ਕਿਸੇ ਗੱਲ ਦਾ ਖਿਲਾਰਾ ਨਹੀਂ ਸੀ ਪੈਣ ਦਿੰਦੇ। ਕੇਵਲ ਉਨ੍ਹਾਂ ਸਮਿਆਂ ਦੇ ਲੋਕ ਹੀ ਜਾਣਦੇ ਹਨ ਕਿ ਜਦੋਂ ਕਾਲਜ ਦੇ ਵਿੱਚ ਸਹਿ-ਸਿੱਖਿਆ ਸ਼ੁਰੂ ਹੋਈ ਤਾਂ ਸਾਰੇ ਇਲਾਕੇ ਦੀ ਜਵਾਨੀ ਵਿੱਚ 3-4 ਮਹੀਨੇ ਕੁੜੀਆਂ ਬਾਰੇ ਹੀ ਚਰਚਾ ਹੁੰਦੀ ਰਹੀ। ਕਿਤੇ-ਕਿਤੇ ਕਲਾਸਾਂ ਵਿੱਚ ਹੋਛੀਆਂ, ਬੇਥਵ੍ਹੀਆਂ, ਆਪ-ਮੁਹਾਰੀਆਂ, ਭੋਲ਼ੇਪਨ, ਅੱਲੜਪੁਣੇ ਦੀਆਂ ਹਰਕਤਾਂ ਵੀ ਹੋ ਜਾਂਦੀਆਂ। ਪਰ ਇਨ੍ਹਾਂ ਨੂੰ ਪ੍ਰਿੰਸੀਪਲ ਸਾਹਿਬ ਮੌਕੇ ਉੱਤੇ ਹੀ ਨਜਿੱਠ ਦਿੰਦੇ। ਉਨੀਂ ਦਿਨੀ ਖੱਬੀ ਲਹਿਰ ਦਾ ਬਹੁਤ ਬੋਲ-ਬਾਲ਼ਾ ਸੀ। ਨੌਜਵਾਨਾਂ ਨੂੰ ਹੜਤਾਲ਼ਾਂ ਕਰਨ ਦਾ ਬਹੁਤ ਭੁਸ ਸੀ। ਹੜਤਾਲ਼ਾਂ ਹੁੰਦੀਆਂ ਬੰਦ ਹੋ ਜਾਂਦੀਆਂ। ਪਰ ਇੱਕ ਹੜਤਾਲ਼ ਬੰਦ ਹੋਣ 'ਚ ਨਾ ਆਵੇ। ਪ੍ਰਿੰਸੀਪਲ ਸਾਹਿਬ ਨੇ ਹੜਤਾਲ਼ ਦੇ ਲੀਡਰਾਂ ਨੂੰ ਵਾਰੋ-ਵਾਰੀ ਆਪਣੇ ਦਫ਼ਤਰ ਵਿੱਚ ਬੁਲਾਇਆ ਤੇ ਕਹਿੰਦੇ, " ਹਾਂ ਬਈ ਲੀਡਰਾ ਚਾਅ ਪੂਰਾ

ਹੋਇਆ ਕਿ ਨਹੀਂ। ਤੈਨੂੰ ਪਤਾ, ਤੂੰ ਤਾਂ ਕੀ ਤੇਰਾ ਪੇ ਵੀ ਮੇਰੇ ਕੋਲੋਂ ਪੜ੍ਹ ਕੇ ਗਿਆ ਹੈ। ਇਹ ਕਾਲਜ ਮੈਂ ਹੜਤਾਲਾਂ ਲਈ ਨਹੀਂ ਬਣਾਇਆ। ਜੇ ਤੁਸੀਂ ਇਹੋ ਕੜ੍ਹੀ ਘੋਲਣੀ ਹੈ ਤਾਂ ਤੁਹਾਨੂੰ ਪਤਾ ਹੀ ਹੈ ਪਾਕਿਸਤਾਨ ਤੋਂ ਆਏ ਰੀਫੀਜੀ ਤੰਬੂਆਂ ਵਿੱਚ ਰਹਿ ਰਹੇ ਹਨ। ਮੈਂ ਤਾਂ ਕੱਲ ਨੂੰ ਉਨ੍ਹਾਂ ਲਈ ਕਾਲਜ ਦੇ ਦਰਵਾਜੇ ਖੋਲ੍ਹ ਦੇਣੇ ਆਂ। ਸੁਣੀ ਗੱਲ। ਸਵੇਰੇ ਸੋਚ ਕੇ ਕਾਲਜ ਆਇਓ।"

## ਹੜਤਾਲ਼ ਖੁੱਲ੍ਹ ਗਈ

ਪ੍ਰਿੰਸੀਪਲ ਸਾਹਿਬ ਅਧਿਆਪਕਾਂ ਦੇ ਸਵੈਮਾਣ ਬਾਰੇ ਬਹੁਤ ਖਿਆਲ ਰੱਖਦੇ ਸਨ। ਇੱਕ ਵਾਰ ਪ੍ਰੋ. ਜਗਜੀਤ ਸਿੰਘ ਰਾਂਝਾ ਸਾਹਿਬ ਨੇ ਆਪਣੀ ਕਲਾਸ ਵਿੱਚ ਬੱਚਿਆਂ ਦੀ ਕੁੱਝ ਜ਼ਿਆਦਾ ਹੀ ਲਾਹ-ਪਾਹ ਕਰ ਦਿੱਤੀ। ਰਾਂਝਾ ਸਾਹਿਬ ਲਈ ਬੱਚਿਆਂ ਦੀ ਲਾਹ-ਪਾਹ ਕਰਨਾ ਆਮ ਜਿਹੀ ਗੱਲ ਸੀ। ਹੜਤਾਲ਼ ਹੋਈ। ਚੱਲਦੀ ਰਹੀ। ਕਿਸੇ ਨੇ ਵੀ ਧਿਆਨ ਨਾ ਦਿੱਤਾ। ਫਿਰ ਮੁੰਡੇ ਪ੍ਰਿੰ. ਸਾਹਿਬ ਨੂੰ, ਉਨ੍ਹਾਂ ਦੇ ਦਫ਼ਤਰ ਮਿਲਣ ਗਏ। ਮੁੰਡਿਆਂ ਨੂੰ ਦੇਖਕੇ ਇੱਕ ਨੂੰ, ਜਿਸਦਾ ਨਾਂ ਸੋਹਣ ਸਿੰਘ ਸੰਘਾ ਸੀ ਕਹਿੰਦੇ, 'ਤੂੰ ਕੁਰਸੀ ਉੱਤੇ ਬਹਿ ਜਾ।' ਸਾਰੇ ਵਿਦਿਆਰਥੀ ਹੱਕੇ-ਬੱਕੇ ਰਹਿ ਗਏ। ਸੋਹਣ ਸਿੰਘ ਸੰਘਾ ਸੁੰਗੜ ਕੇ ਕੁਰਸੀ ਵਿੱਚ ਬੈਠਾ ਰਿਹਾ। ਗੱਲ ਮੁੱਕ ਗਈ। ਫਿਰ ਬੋਲੇ, ਕੁਰਸੀ ਵਿੱਚ ਬੈਠੇ ਮੁੰਡੇ ਨੂੰ ਜੋ ਕੰਬ ਰਿਹਾ ਸੀ, "ਤੈਨੂੰ ਪਤਾ ਓਏ ਮੈਂ ਤੈਨੂੰ ਕੁਰਸੀ 'ਤੇ ਕਿਉਂ ਬਿਠਾਇਆ ? ਇਹ ਕੁਰਸੀ ਮੈਂ ਤੈਨੂੰ ਨਹੀਂ ਤੇਰੇ ਬਾਬਾ ਜੀ ਨੂੰ ਦਿੱਤੀ ਹੈ। ਤੇਰੇ ਬਾਬਾ ਜੀ ਮੁਣਸ਼ੀ ਵਜ਼ੀਰ ਸਿੰਘ ਜੀ ਮੇਰੇ ਮਾਸਟਰ ਸਨ। ਬੰਦੇ ਬਣਕੇ ਕੱਲ ਨੂੰ ਕਲਾਸ ਵਿੱਚ ਜਾਣਾ।" ਅਗਲੇ ਦਿਨ ਕਲਾਸ ਚਾਲੂ ਹੋ ਗਈ। ਪ੍ਰੋ. ਸਾਹਿਬ ਦਾ ਮਾਣ-ਤਾਣ ਕਾਇਮ ਰਿਹਾ।

ਇੱਕ ਵਾਰ ਇੱਕ ਭਲਵਾਨ ਵਿਦਿਆਰਥੀ ਨੇ ਕਿਸੇ ਮੁੰਡੇ ਨੂੰ ਕੁੱਟ ਧਰਿਆ। ਉਸ ਨੂੰ ਦਫ਼ਤਰ ਵਿੱਚ ਸੱਦਿਆ ਗਿਆ।

" ਆ ਉਏ ਐਧਰ ਮੇਰੇ ਵੱਲ।" ਪ੍ਰਿੰਸੀਪਲ ਸਾਹਿਬ ਬੋਲੇ।

ਮੁੰਡਾ ਕੋਲ਼ ਗਿਆ। ਪ੍ਰਿੰਸੀਪਲ ਸਾਹਿਬ ਨੇ ਮੂੰਗਲੀਆਂ ਫੇਰਨ ਵਾਲੇ ਹੱਥ ਨਾਲ਼ ਉਸ ਨੂੰ ਗੁੱਟ ਤੋਂ ਫੜ੍ਹ ਲਿਆ।

ਬੋਲੇ," ਹੁਣ ਛਡਾ ਕੇ ਦੱਸ।"

ਹੱਥ ਹੋਰ, ਹੋਰ ਘੁੱਟਿਆ ਜਾ ਰਿਹਾ ਸੀ ਜਿਵੇਂ ਵੇਲਣੇ ਵਿੱਚ ਬਾਂਹ ਆਈ ਹੋਵੇ। ਅੱਖਾਂ ਵਿੱਚੋਂ ਕਿਣੇ ਡਿਗਣੇ ਸ਼ੁਰੂ ਹੋ ਗਏ।

ਫਿਰ ਪ੍ਰਿੰਸੀਪਲ ਸਾਹਿਬ ਬੋਲੇ,"ਚੰਗਾ ਜਾਹ।"

ਪੜ੍ਹਾਈ ਦੀ ਸੁਣ ਲਓ। ਸਵਰਗਵਾਸੀ ਮਹਿੰਗਾ ਸਿੰਘ ਜੋਸ਼ ਕਾਲਜ ਦਾ ਪਹਿਲੇ ਸਾਲਾਂ ਦਾ ਵਿਦਿਆਰਥੀ ਐੱਫ.ਏ. ਵਿੱਚੋਂ ਇੰਨੇ ਨੰਬਰ ਲੈ ਗਿਆ ਕਿ ਕਾਫੀ ਦੇਰ ਉਸਦਾ ਸਥਾਪਤ ਕੀਤਾ ਰਿਕਾਰਡ ਜਿਉਂ ਦਾ ਤਿਉਂ ਬਰਕਰਾਰ ਰਿਹਾ।ਪਹਿਲੇ ਸਾਲ ਦਾ ਇੱਕ ਵਿਦਿਆਰਥੀ ਇੰਨੇ ਨੰਬਰ ਲੈ ਗਿਆ ਕਿ ਸਹਿਜੇ ਹੀ ਇੰਜੀਨੀਅਰਿੰਗ ਕਾਲਜ ਦੇ ਵਿੱਚ ਦਾਖਲਾ ਲੈ ਗਿਆ। ਉਹ ਵਿਦਿਆਰਥੀ ਸ. ਹਰਬੰਸ ਸਿੰਘ ਬੈਂਸ ਸੀ ਜੋ ਬਾਅਦ ਵਿੱਚ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਇੰਜੀਨੀਅਰ-ਇਨ-ਚੀਫ ਰਿਟਾਇਰ ਹੋਏ।ਪ੍ਰਿੰਸੀਪਲ ਸਾਹਿਬ ਵਲੋਂ ਨਿਯੁਕਤ ਕੀਤੇ ਪ੍ਰੋਫੈਸਰਾਂ ਨੂੰ ਯਾਦ ਕਰਨਾ ਵੀ ਲਾਹੇਵੰਦ ਹੋਵੇਗਾ। ਹਿਸਾਬ ਦੀਆਂ ਉੱਚ ਪਾਏ ਦੀਆਂ



ਕਿਤਾਬਾਂ ਲਿਖਣ ਵਾਲੇ ਪ੍ਰੋ. ਜਗਜੀਤ ਸਿੰਘ ਰਾਂਝਾ ਜੀ। ਸ. ਸੁਜਾਨ ਸਿੰਘ ਜੋ ਪਿੱਛੋਂ ਜਾ ਕੇ ਪੰਜਾਬ ਯੂਨੀਵਰਸਿਟੀ ਦੇ ਰਜਿਸਟਰਾਰ ਬਣੇ। ਪ੍ਰਿੰਸੀਪਲ ਬਲਵੰਤ ਸਿੰਘ ਇਤਿਹਾਸ ਦੇ ਟੀਚਰ ਸਨ ਤੇ ਬਹੁਤ ਉੱਚ ਪਾਏ ਦੇ ਬੁਲਾਰੇ ਸਨ। ਪਿੱਛੋਂ ਉਹ ਵੱਡੇ ਪੁਲੀਸ ਅਫਸਰ ਬਣੇ।

ਪ੍ਰਿੰਸੀਪਲ ਸਾਹਿਬ ਵਲੋਂ ਚੁਣਿਆ ਇਤਿਹਾਸ ਦਾ ਇੱਕ ਲੈਕਚਰਾਰ ਸੁਰਜੀਤ ਸਿੰਘ ਬੱਲ ਪਿੱਛੋਂ ਜਾ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਵਾਈਸ-ਚਾਂਸਲਰ(V.C) ਬਣਿਆ।ਇਸੇ ਤਰ੍ਹਾਂ ਪ੍ਰੋ. ਸ. ਗੁਰਦੀਪ ਸਿੰਘ ਰੰਧਾਵਾ ਵੀ ਵਾਈਸ-ਚਾਂਸਲਰ ਬਣੇ।

## ਪ੍ਰੋਫੈਸਰ ਕਰਮਜੀਤ ਸਿੰਘ ਜੀ

ਪ੍ਰੋਫੈਸਰ ਕਰਮਜੀਤ ਸਿੰਘ ਇੱਕ ਨਿਵੇਕਲੀ ਤਬੀਅਤ ਦੇ ਪ੍ਰੋਫੈਸਰ ਸਨ। ਉਹ ਹਰ ਰੋਜ਼ ਜਲੰਧਰ ਤੋਂ ਬੱਸ ਰਾਹੀਂ ਕਾਲਜ ਆਉਂਦੇ ਸਨ। ਉਨ੍ਹਾਂ ਦਾ ਪਹਿਰਾਵਾ ਅੰਗਰੇਜ਼ਾਂ ਵਰਗਾ ਸੀ ਤੇ ਅੰਗਰੇਜ਼ੀ ਪੜ੍ਹਾਉਦੇਂ ਸਨ। ਉਨ੍ਹਾਂ ਦੀ ਜੀਵਨ ਸ਼ੈਲੀ ਤੋਂ ਲੱਗਦਾ ਸੀ ਕਿ ਉਹ ਕੋਈ ਅਮੀਰਜ਼ਾਦੇ ਹਨ। ਬੱਚਿਆਂ ਨਾਲ਼ ਉਨ੍ਹਾਂ ਦਾ ਬਹੁਤ ਪਿਆਰ ਸੀ। ਉਹ ਹਰ ਵੇਲੇ ਕਲਾ-ਕ੍ਰਿਤਾਂ, ਫੁੱਲਾਂ ਤੇ ਪਹਾੜਾਂ ਦੀਆਂ ਗੱਲਾਂ ਕਰਦੇ ਰਹਿੰਦੇ ਸਨ। ਉਨ੍ਹਾਂਕੋਲ਼ ਪਲਾਸਟਿਕ ਦੀ ਖੁੱਲੇ ਮੂੰਹ ਵਾਲੀ ਟੋਕਰੀ ਹੁੰਦੀ ਸੀ ਜਿਸ ਵਿੱਚ ਫਲ਼, ਕਿਤਾਬਾਂ ਤੇ ਰਸਾਲੇ ਹੁੰਦੇ ਸਨ। ਉਹ ਰਸਾਲੇ ਤੇ ਕਿਤਾਬਾਂ ਵਿਦਿਆਰਥੀਆਂ ਨੂੰ ਦੇ ਦਿੰਦੇ ਸਨ। ਉਹ ਅਕਸਰ ਕਲਾਸਕੀ ਕਿਤਾਬਾਂ ਦੀ ਗੱਲ ਕਰਦੇ ਸਨ। ਇੱਕ-ਇੱਕ ਕਵਿਤਾ ਪੜ੍ਹਾਉਂਦੇ ਉਹ ਦੋ-ਦੋ ਹਫਤੇ ਲਗਾ ਦਿੰਦੇ ਸਨ। ਵਿਦਿਆਰਥੀ ਮੰਤਰ ਮੁਗਧ ਹੋਏ ਉਨ੍ਹਾਂ ਅੱਗੇ ਬੈਠੇ ਲੈਕਚਰ ਸੁਣਦੇ ਰਹਿੰਦੇ ਸਨ। ਉਹ ਹਰ ਵੇਲੇ ਵਿਦਿਆਰਥੀਆਂ ਵਿੱਚ ਘਿਰੇ ਰਹਿੰਦੇ ਸਨ। ਕਿਸੇ ਵੀ ਕਲਾਸ ਦਾ ਵਿਦਿਆਰਥੀ ਉਨ੍ਹਾਂ ਨਾਲ਼ ਗੱਲ ਕਰ ਲੈਂਦਾ ਸੀ। ਉਨ੍ਹਾਂ ਦੀ ਸ਼ਖ਼ਸੀਅਤ ਜਾਦੂਮਈ ਸੀ।

## ਪ੍ਰੋਫੈਸਰ ਸੁਰਜੀਤ ਸਿੰਘ ਹਾਂਸ

ਰੌਸ਼ਨ ਦਿਮਾਗ, ਨਾਜ਼ਕ ਮਿਜ਼ਾਜ, ਹਮਦਰਦ, ਜਾਦੂਮਈ ਸਖਸ਼ੀਅਤ ਤੇ ਵਿਦਿਆਰਥੀਆਂ ਨੂੰ ਅਥਾਹ ਪਿਆਰ ਕਰਨ ਵਾਲ਼ੇ ਸਨ ਪ੍ਰੋ. ਸੁਰਜੀਤ ਹਾਂਸ। ਉਹ ਦਿਲ ਲੁਭਾਊ ਸਖਸ਼ੀਅਤ ਦੇ ਮਾਲਕ ਸਨ। ਉਹ ਆਪਣੇ ਸਬਕ ਨੂੰ, ਕਿਤਾਬ ਹੋਵੇ ਜਾਂ ਗਰਾਮਰ ਪੜ੍ਹਾਉਂਦੇ ਸਮੇਂ ਬਹੁਤ ਦਿਲਚਸਪ ਬਣਾ ਦਿੰਦੇ ਸਨ। ਵਿਦਿਆਰਥੀਆਂ ਦੇ ਕਿਸੇ ਵੀ ਸਵਾਲ ਦਾ ਨਿਪਟਾਰਾ ਉਹ ਇਕ ਦੋ ਸਤਰਾਂ ਵਿਚ ਕਰ ਦਿੰਦੇ ਸਨ। ਉਹ ਅਕਸਰ ਕਾਲਜ ਦੀ ਗਰਾਊਂਡ ਦੀਆਂ ਪੌੜੀਆਂ ਵਿੱਚ ਕਲਾਸ ਲੈਂਦੇ ਸਨ। ਕਈ ਵਾਰੀ ਉਹ ਚਕਾਚੌਂਧ ਕਰਨ ਵਾਲੀਆਂ ਗੱਲਾਂ ਕਰ ਦਿੰਦੇ ਸਨ। ਉਹ ਸਾਹਿਤ ਇਤਿਹਾਸ 'ਤੇ ਸਮਾਜ ਸ਼ਾਸਤਰ ਦੇ ਤੱਥ ਸੌਖੀ ਭਾਸ਼ਾ ਵਿੱਚ ਦੱਸ ਦਿੰਦੇ ਸਨ। ਵਿਦਿਆਰਥੀ ਉਨ੍ਹਾਂ ਦੀ ਕਲਾਸ ਦੀ ਤੀਬਰਤਾ ਨਾਲ ਉਡੀਕ ਕਰਦੇ ਸਨ। ਭਾਵੇਂ ਉਹ ਹਾਜ਼ਰੀ ਘੱਟ-ਵੱਧ ਹੀ ਲਾਉਂਦੇ ਸਨ, ਪਰ ਕਲਾਸ ਪੂਰੀ ਹਾਜ਼ਰ ਹੁੰਦੀ ਸੀ। 90 ਵਿਦਿਆਰਥੀਆਂ ਦੀ ਕਲਾਸ ਵਿੱਚ ਤਕਰੀਬਨ ਉਹ ਹਰ ਬੱਚੇ ਨੂੰ ਨਾਂ ਲੈ ਕੇ ਸੰਬੋਧਨ ਕਰਦੇ ਸਨ। ਕਦੀ-ਕਦੀ ਉਹ ਸਾਰੀ ਕਲਾਸ ਨੂੰ ਚਾਹ ਪਿਲਾ ਦਿੰਦੇ ਸਨ। ਕਿਸੇ ਨੁਕਤੇ ਉੱਤੇ ਉਹ ਅਚਾਨਕ ਕਾਲਜ ਛੱਡ ਗਏ। ਵਿਦਿਆਰਥੀਆਂ ਵਿੱਚ ਬਹੁਤ ਦੇਰ

ਸੋਗ ਛਾਇਆ ਰਿਹਾ।

## ਪ੍ਰਿੰਸੀਪਲ ਸਾਹਿਬ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ

ਪ੍ਰਿੰਸੀਪਲ ਸਾਹਿਬ ਤੋਂ ਪ੍ਰੇਰਿਤ ਇੱਕ ਵਿਦਿਆਰਥੀ ਬਰਿਗੇਡੀਅਰ ਹਰਭਜਨ ਸਿੰਘ ਬੈਂਸ ਜੀ ਹਨ। ਅੰਗਰੇਜ਼ਾਂ ਦੇ ਰਾਜ ਵਿੱਚ ਉਨ੍ਹਾਂ ਨੇ ਫੌਜ ਵਿੱਚ ਕਮਿਸ਼ਨ ਪ੍ਰਾਪਤ ਕੀਤਾ ਤੇ ਵਿਸ਼ਵ ਦੇ ਮੋਰਚਿਆਂ ਵਿੱਚ ਭਾਗ ਲਿਆ। ਭਾਰਤ ਸਰਕਾਰ ਨੇ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਦੇਖਦੇ ਹੋਏ, ਉਨ੍ਹਾਂ ਨੂੰ ਵੀਰ ਚੱਕਰ ਦਾ ਮਾਣ ਦਿੱਤਾ ਜੋ ਕਿਸੇ ਭਾਰਤੀ ਨੂੰ ਪਹਿਲੀ ਵਾਰ ਮਿਲਿਆ। ਉਸ ਵੇਲੇ ਦਾ ਉਨ੍ਹਾਂ ਦਾ ਰੈਂਕ ਬਹੁਤ ਉੱਚੇ ਦਰਜੇ ਦਾ ਸੀ।

ਪ੍ਰਿੰਸੀਪਲ ਸਾਹਿਬ ਦੇ ਇੱਕ ਵਿਦਿਆਰਥੀ ਸ. ਕਰਤਾਰ ਸਿੰਘ ਹਨ। ਉਹ ਲੈਫਟੀਨੈਂਟ ਜਨਰਲ ਰਿਟਾਇਰ ਹੋਏ, ਥਲ ਸੈਨਾ ਦੇ ਮੁੱਖੀ ਤੋਂ ਸਿਰਫ ਇੱਕ ਪੌਡਾ ਥੱਲੇ।

ਤਾਰਾ ਵਿਗਿਆਨ ਸਾਇੰਸ ਵਿੱਚ ਇੱਕ ਬਹੁਤ ਵਿਸ਼ਾਲ ਅਤੇ ਮਹੱਤਵਪੂਰਣਵਿਸ਼ਾ ਹੈ। ਇਸ ਦੀ ਖੋਜ ਸਦਾ ਹੀ ਚਲਦੀ ਰਹੇਗੀ ਕਿਉਂਕਿ ਸਿ ਵਿੱਚ ਅਨੰਤਤਾ ਦੀਆਂ ਗੱਲਾਂ ਹੁੰਦੀਆਂ ਹਨ। ਮਾਹਿਲਪੁਰ ਇਲਾਕੇ ਨੂੰ ਬਹੁਤ ਮਾਣ ਹੈ ਕਿ ਇਸ ਵਿਸ਼ੇ ਦਾ ਅੰਤਰ-ਰਾਸ਼ਟਰੀ ਪ੍ਰਸਿੱਧੀ ਵਾਲਾ ਇੱਕ ਨਾਮ ਪਿਆਰਾ ਸਿੰਘ ਗਿੱਲ ਹੈ। ਉਹ ਕਾਲਜ ਦੇ ਪਹਿਲੇ ਸਾਲਾਂ ਦਾ ਵਿਦਿਆਰਥੀ ਹੈ।

ਪ੍ਰਿੰਸੀਪਲ ਸਾਹਿਬ ਤੋਂ ਪ੍ਰੇਰਿਤ ਇੱਕ ਹੋਰ ਵਿਦਿਆਰਥੀ ਸ. ਹਰਬੰਸ ਸਿੰਘ ਤੇਜ਼ ਜਿਆਣ ਸਨ। ਸ਼ਾਇਦ ਸਾਡੇ ਇਲਾਕੇ ਦੇ ਉਹ ਪਹਿਲੇ ਵਿਦਿਆਰਥੀ ਹੋਣ ਜਿਨ੍ਹਾਂ ਨੂੰ ਭਾਰਤ ਦੀ ਪ੍ਰਮੁੱਖ ਸਾਇੰਸ ਸੰਸਥਾ ਇੰਡੀਅਨ ਇੰਸਟੀਚਿਊਟ ਸਾਇੰਸ ਬੰਗਲੋਰ ਵਿੱਚ ਦਾਖਲਾ ਮਿਲਿਆ ਹੋਵੇ। ਆਪਣੀ ਯੋਗਤਾ ਦੇ ਬਲ ਉੱਤੇ ਉਹ ਪੰਜਾਬ ਰਾਜ ਬਿਜਲੀ ਬੋਰਡ ਦੇ ਚੇਅਰਮੈਨ ਬਣੇ। ਪਿੱਛੋਂ ਉਨ੍ਹਾਂ ਨੂੰ ਭਾਰਤ ਸਰਕਾਰ ਦੀ ਪਾਵਰ ਮਨਿਸਟਰੀ ਦਾ ਸਲਾਹਕਾਰ ਨਿਯੁਕਤ ਕੀਤਾ ਗਿਆ। ਉਹ ਭਾਰਤੀ ਸਾਇਕਿਲ ਫੈਡਰੇਸ਼ਨ ਦੇ ਚੇਅਰਮੈਨ ਵੀ ਰਹੇ।

ਪਿਆਰਾ ਸਿੰਘ ਖਾਬੜਾ ਇੱਕ ਹੋਰ ਵਿਦਿਆਰਥੀ, ਇੰਗਲੈਂਡ ਵਿੱਚ ਲੇਬਰ ਪਾਰਟੀ ਦਾ ਐੱਮ.ਪੀ ਬਣਿਆ। ਦੂਜੇ ਦੇਸ਼ ਵਿੱਚ ਇੱਡਾ ਵੱਡਾ ਮਾਅਰਕਾ ਮਾਰਨਾ ਕੋਈ ਸੌਖੀ ਗੱਲ ਨਹੀਂ ਸੀ। ਉਹ ਬਹੁਤ ਕਾਮਯਾਬ ਵੱਕਤਾ ਸੀ। ਉਨ੍ਹਾਂ ਦੀ ਬੋਲਣ ਦੀ ਕਲਾ ਦਾ ਮੁੱਢ ਮਾਹਿਲਪੁਰ ਕਾਲਜ ਵਿੱਚ ਹੀ ਬੱਝਾ ਸੀ। ਪ੍ਰਿੰਸੀਪਲ ਸਾਹਿਬ ਨੇ ਕਾਲਜ ਦਾ ਮਹੌਲ ਇਸ ਤਰ੍ਹਾਂ ਦਾ ਬਣਾ ਰੱਖਿਆ ਸੀ ਕਿ ਵਿਦਿਆਰਥੀਆਂ ਦੀ ਸਖਸ਼ੀਅਤ ਹਰ ਤਰ੍ਹਾਂ ਪ੍ਰਫੁੱਲਤ ਹੋਵੇ। ਕਾਲਜ ਵਿੱਚ ਸੈਮੀਨਾਰ, ਲੈਕਚਰ, ਭਾਸ਼ਣ ਮੁਕਾਬਲੇ ਆਮ ਹੁੰਦੇ ਰਹਿੰਦੇ ਸਨ।

ਸਰਦਾਰ ਗੁਰਦਾਸ ਸਿੰਘ ਸਿੱਧੂ ਪੱਖੋਵਾਲ਼, ਪ੍ਰਿੰਸੀਪਲ ਸਾਹਿਬ ਦੇ ਇੱਕ ਹੋਰ ਹੋਣਹਾਰ ਵਿਦਿਆਰਥੀ ਸਨ। ਉਨ੍ਹਾਂ ਨੇ ਬਰਕਲੇ ਵਿੱਚ ਕੈਲੀਫੋਰਨੀਆਂ (ਅਮਰੀਕਾ) ਯੂਨੀਵਰਸਿਟੀ ਤੋਂ ਇਲੈਕਟਰੀਕਲ ਇੰਜਨੀਅਰਿੰਗ ਦੀ ਡਿਗਰੀ ਹਾਸਿਲ ਕੀਤੀ ਤੇ ਗੁਰੂ ਨਾਨਕ ਐਂਜਨੀਅਰਿੰਗ ਕਾਲਜ ਲੁਧਿਆਣਾ ਦੇ 28 ਸਾਲ ਪ੍ਰਿੰਸੀਪਲ ਰਹੇ।

ਉਨ੍ਹਾਂ ਦਾ ਇੱਕ ਵਿਦਿਆਰਥੀ ਜਸਟਿਸ ਅਜੀਤ ਸਿੰਘ ਬੈਂਸ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜੱਜ ਬਣੇ ਤੇ ਪਿੱਛੋਂ ਸੇਵਾ-ਮੁਕਤ ਹੋਣ ਤੋਂ ਬਾਅਦ ਉਨ੍ਹਾਂ ਨੇ ਮਨੁੱਖੀ ਹੱਕਾਂ ਲਈ ਸੰਘਰਸ਼ ਵਿੱਢਿਆ ਤੇ ਉਹ ਇਸ ਮੁਹਿੰਮ ਵਿੱਚ ਅੱਜ ਤੱਕ ਸਰਗਰਮ ਹਨ।

ਕਾਲਜ ਦੇ ਇੱਕ ਹੋਰ ਸਾਬਕਾ ਵਿਦਿਆਰਥੀ ਗਿਆਨੀ ਕਾਬਲ ਸਿੰਘ ਜੀ ਠੀਂਡਾ ਸ਼੍ਰੋਮਣੀ ਅਕਾਲੀ ਦਲ ਦੇ ਉੱਚਤਮ ਅਹੁਦਿਆਂ ਉੱਤੇ ਰਹੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਵੀ ਰਹੇ। ਉਹ ਪੰਜਾਬ ਤੇ ਕੇਂਦਰ ਸਰਕਾਰ ਦੀਆਂ ਕਈ ਕਮੇਟੀਆਂ ਦੇ ਮੈਂਬਰ ਵੀ ਰਹੇ।

ਪ੍ਰਿੰਸੀਪਲ ਸਾਹਿਬ ਦੇ ਸਮੇਂ ਇੱਕ ਹੋਰ ਹੋਣਹਾਰ ਵਿਦਿਆਰਥੀ ਬਲਦੇਵ ਸਿੰਘ ਮਾਹਿਲਪੁਰੀ ਸਨ। ਉਹ ਸਿੱਖ ਪੰਥ ਦੇ ਉੱਚ ਕੋਟੀ ਦੇ ਲੀਡਰ ਸਨ। ਉਹ 45 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿਰਵਿਘਨ ਮੈਂਬਰ ਰਹੇ । ਪੰਜਾਬ ਸਰਕਾਰ ਨੇ ਉਨ੍ਹਾਂ ਦੀ ਘਾਲਣਾ ਨੂੰ ਦੇਖਦੇ ਹੋਏ ਮਾਹਿਲਪੁਰ ਦੇ ਸਕੂਲ ਦਾ ਨਾਮ ਸ. ਬਲਦੇਵ ਸਿੰਘ ਮਾਹਿਲਪੁਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ(ਲੜਕੇ) ਮਾਹਿਲਪੁਰ ਰੱਖਿਆ ਹੈ।

ਡੀ. ਜੀ. ਪੀ. ਹੰਸ ਰਾਜ ਸਵੈਨ, ਡੀ.ਜੀ.ਪੀ. ਅਮਰਜੀਤ ਸਿੰਘ ਬੱਲ ਤੇ ਡੀ.ਜੀ.ਪੀ. ਇਕਬਾਲ ਨਰਾਇਣ ਸਿੰਘ ਵੀ ਪ੍ਰਿੰਸੀਪਲ ਸਾਹਿਬ ਜੀ ਦੇ ਲਾਇਕ ਵਿਦਿਆਰਥੀਆਂ ਵਿੱਚੋਂ ਸਨ।

ਇੱਕ ਹੋਰ ਵਿਦਿਆਰਥੀ ਬਲਦੇਵ ਸਿੰਘ ਖੋਜੀ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਉੱਘੇ ਵਕੀਲ ਹੋ ਚੁੱਕੇ ਹਨ।

ਗੁਲਜ਼ਾਰ ਸਿੰਘ ਸੰਧੂ ਇੱਕ ਹੋਰ ਵਿਦਿਆਰਥੀ ਬਹੁਤ ਹੀ ਰਮਣੀਕ ਸ਼ਖ਼ਸੀਅਤ ਹਨ। ਉਨ੍ਹਾਂ ਨੂੰ ਸਾਹਿਤ ਅਕੈਡਮੀ ਅਵਾਰਡ ਮਿਲ਼ਿਆ। ਉਹ ਕੇਂਦਰ ਸਰਕਾਰ ਦੇ ਉੱਚੇ ਅਹੁਦਿਆਂ 'ਤੇ ਰਹੇ। ਉਹ 'ਪੰਜਾਬੀ ਟ੍ਰਿਬਿਊਨ' ਤੇ 'ਦੇਸ਼ ਸੇਵਕ' ਅਖਬਾਰ ਦੇ ਸੰਪਾਦਕ ਵੀ ਰਹੇ। ਅੱਜ ਕੱਲ ਉਨ੍ਹਾਂ ਦਾ ਇੱਕ ਕਾਲਮ, ਹਰ ਐਤਵਾਰ ਨੂੰ ਰੋਜ਼ਾਨਾ ਅਜੀਤ ਅਖਬਾਰ ਵਿੱਚ ਛਪਦਾ ਹੈ।

ਸ. ਯਸ਼ਦੀਪ ਸਿੰਘ ਬੈਂਸ ਅੰਤਰ-ਰਾਸ਼ਟਰੀ ਪ੍ਰਸਿੱਧੀ ਵਾਲ਼ੇ ਮਹਾਨ ਨਾਟਕ-ਕਾਰ ਸ਼ੈਕਸਪੀਅਰ ਦੇ ਨਾਮੀ ਵਿਆਖਿਆਕਾਰ ਹਨ। ਉਨ੍ਹਾਂ ਨੇ ਕੈਨੇਡਾ ਤੇ ਅਮਰੀਕਨ ਯੂਨੀਵਰਸਿਟੀਆਂ ਵਿੱਚ ਪੜ੍ਹਾਇਆ ਹੈ। ਉਹ ਬਹੁਤ ਵਿੱਦਿਅਕ ਸੰਸਥਾਵਾਂ ਦੇ ਵਿਜ਼ਿ-ਟਿੰਗ ਪ੍ਰੋਫੈਸਰ ਰਹੇ।

ਪੰਜਾਬ ਦੀ ਸ਼ਾਨ ਵਧਾਉਣ ਤੇ ਮੁੜ ਸਥਾਪਿਤ ਕਰਨ ਵਿੱਚ 'ਬਾਰਡਰ' ਫਿਲਮ ਦਾ ਵਿਸ਼ੇਸ਼ ਯੋਗਦਾਨ ਹੈ। 'ਬਾਰਡਰ' ਫਿਲਮ ਵਿੱਚ 'ਹੀਰੋ' ਦਾ ਰੋਲ ਸੰਨੀ ਦਿਉਲ ਨੇ ਨਿਭਾਇਆ ਹੈ। ਇਹ ਫਿਲਮ ਦੇਸ਼ ਵਿਦੇਸ਼ ਵਿੱਚ ਬਹੁਤ ਮਸ਼ਹੂਰ ਹੋਈ ਸੀ। ਇਸ ਦਾ ਜਿਊਂਦਾ ਜਾਗਦਾ 'ਹੀਰੋ' ਬਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਹੈ। ਉਨ੍ਹਾਂ ਨੇ ਮਾਹਿਲਪੁਰ ਕਾਲਜ ਵਿੱਚ ਪੜ੍ਹਦਿਆਂ ਇੱਥੇ ਦੀ N.C.C. ਯੂਨਿਟ ਤੋਂ ਲੀਡਰਸ਼ਿੱਪ ਦੇ ਗੁਣ ਗ੍ਰਹਿਣ ਕਰਕੇ ਭਾਰਤੀ ਥਲ ਸੈਨਾ ਵਿੱਚ ਕਮਿਸ਼ਨ ਲਿਆ। ਲੌਂਗੇਵਾਲ਼ਾ ਦੀ ਲੜਾਈ ਵਿੱਚ ਜੋ ਇਸ ਭਾਰਤ ਦੇ ਮਹਾਨ ਸਪੂਤ ਨੇ ਜੌਹਰ ਦਿਖਾਏ ਉਨ੍ਹਾਂ ਉੱਤੇ ਸਭ ਨੂੰ ਮਾਣ ਹੈ।

ਸਾਹਿਤਕਾਰ ਹੋਣਾ ਵੀ ਬਹੁਤ ਵੱਡੀ ਗੱਲ ਹੈ। ਪਰ ਜੇਕਰ ਕਿਸੇ ਸਾਹਿਤਕਾਰ ਨੂੰ ਕਿਸੇ ਸਾਹਿਤਕ ਲਹਿਰ ਦੇ ਮੋਢੀ ਵਜੋਂ ਵੀ ਮਾਨਤਾ ਮਿਲ਼ ਜਾਵੇ ਤਾਂ ਹੋਰ ਵੀ ਵੱਡੀ ਵਡਿਆਈ ਵਾਲੀ ਗੱਲ ਹੈ। ਇਹ ਵਡਿਆਈ ਕਾਲਜ ਦੇ ਵਿਦਿਆਰਥੀ ਅਜਾਇਬ ਕਮਲ ਡਾਂਡੀਆਂ ਦੇ ਭਾਗਾਂ ਵਿੱਚ ਸੀ। ਉਹ ਵਿਦਿਆਰਥੀ ਜੀਵਨ ਵੇਲੇ ਕਾਲਜ ਦੇ ਸਾਹਿਤਕ ਤੇ ਸੱਭਿਆਚਾਰਕ ਪ੍ਰੋਗਰਾਮ ਕਰਾਉਣ ਵਿੱਚ ਸਰਗਰਮ ਰਹਿੰਦਾ ਸੀ। ਉਹ ਪੰਜਾਬੀ ਸਾਹਿਤਕ ਜਗਤ ਵਿੱਚ ਪ੍ਰਯੋਗਵਾਦੀ ਲਹਿਰ ਦੇ ਮੋਢੀਆਂ ਵਿੱਚ ਜਾਣਿਆ ਜਾਂਦਾ ਹੈ। ਉਸ ਨੇ ਮਹਾਂ-ਕਾਵਿ, ਕਵਿਤਾ, ਨਾਵਲ ਤੇ ਨਾਟਕ ਲਿਖੇ। ਅਜਾਇਬ ਕਮਲ ਜੀ ਅਫਰੀਕਾ ਵਿੱਚ ਅਧਿਆਪਕ ਦੇ ਤੌਰ 'ਤੇ

ਫਰਜ਼ ਨਿਭਾਉਂਦੇ ਰਹੇ।

ਐੱਮ. ਐੱਸ. ਬੋਲਾ, ਐੱਸ.ਐੱਸ. ਸੋਨੀ,ਤੇ ਲਾਲ ਚੰਦ ਵੱਡੇ ਸਾਇੰਸਦਾਨ ਹੋਏ ਹਨ। ਅਨੇਕਾਂ ਵਿਦਿਆਰਥੀ ਹੈੱਡ-ਮਾਸਟਰ ਤੇ ਮੈਨੇਜਰ ਬਣੇ। ਕਾਲਜ ਦੇ ਮਹੌਲ ਦੀ ਇੱਕ ਬਹੁਤ ਹੀ ਵਧੀਆ ਵਿਧੀ ਪ੍ਰਫੁਲਤ ਹੋਈ। ਟਿਊਟੋਰੀਅਲ ਗਰੁੱਪਾਂ ਨੇ ਵਿਦਿਆਰਥੀਆਂ ਤੇ ਪ੍ਰੋਫੈਸਰ ਸਾਹਿਬਾਨ ਨੂੰ ਇੱਕ ਦੂਜੇ ਦੇ ਬਹੁਤ ਨੇੜੇ ਲੈ ਆਂਦਾ। ਵਿਦਿਆਰਥੀ ਨਿਝੱਕ ਪ੍ਰੋਫੈਸਰਾਂ ਦੇ ਘਰੀਂ ਜਾ ਆਉਂਦੇ ਸਨ। ਲਾਹ-ਪਾਹ ਕਰਵਾ ਕੇ ਵੀ ਵਿਦਿਆਰਥੀ ਪ੍ਰੋਫੈਸਰ ਰਾਂਝਾ ਸਾਹਿਬ ਦੇ ਘਰ ਜਾਂਦੇ ਸਨ ਤੇ ਬੀਬੀ ਜੀ ਉਨ੍ਹਾਂ ਨੂੰ ਚਾਹ ਪਾਣੀ ਪੁੱਛਦੇ।

## ਸਕੂਲ-ਕਾਲਜ ਦੀਆਂ ਘੰਟੀਆਂ

ਇਹ ਘੰਟੀਆਂ ਦਿਨ ਵੇਲੇ ਕਲਾਸਾਂ ਦੀਆਂ ਘੰਟੀਆਂ ਦਾ ਕੰਮ ਕਰਦੀਆਂ ਸਨ ਤੇ ਰਾਤ ਵੇਲੇ 10 ਵਜੇ ਤੋਂ ਤੜਕੇ 4 ਵਜੇ ਤੱਕ ਇਲਾਕੇ ਲਈ ਘੰਟਾ ਘਰ ਦਾ ਕੰਮ ਕਰਦੀਆਂ ਸਨ। ਜੋ ਟਾਈਮ ਹੋਣਾ ਰਾਤ ਵੇਲੇ ਉੱਨੀਆਂ ਘੰਟੀਆਂ ਸਕੂਲ ਵਿੱਚ ਵੱਜਣੀਆਂ। ਕੁੱਝ ਸੈਕੰਡਾਂ ਬਾਅਦ ਕਾਲਜ ਦੀ ਘੰਟੀ ਤੋਂ ਠੋਲੇ ਵੱਜਣੇ ਸ਼ੁਰੂ ਹੋਣੇ। ਉਨ੍ਹਾਂ ਵਕਤਾਂ ਵਿੱਚ ਘੜੀਆਂ ਬਹੁਤ ਘੱਟ ਹੁੰਦੀਆਂ ਸਨ। ਇਰਦ-ਗਿਰਦ ਦੇ ਪਿੰਡਾਂ ਨੇ ਇਸ ਸਹੂਲਤ ਦਾ ਖੂਬ ਲਾਭ ਲਿਆ।ਲੁਕਾਈ ਲਈ ਇਹ ਫਾਇਦੇਮੰਦ ਸੋਚ ਤੇ ਕਾਢ ਵੀ ਪ੍ਰਿੰਸੀਪਲ ਸਾਹਿਬ ਦੇ ਪ੍ਰਬੰਧ ਦਾ ਇੱਕ ਅੰਗ ਸੀ।

## ਸਕੂਲ-ਕਾਲਜ ਦੀਆਂ ਸੱਭਿਆਚਾਰਕ ਗਤੀਵਿਧੀਆਂ

ਸਕੂਲ ਵਿੱਚ ਹਰ ਸਾਲ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਸਕੂਲ ਦੇ ਹਾਲ ਵਿੱਚ ਬੜੀ ਧੂਮ-ਧਾਮ ਨਾਲ਼ ਮਨਾਇਆ ਜਾਂਦਾ ਸੀ। ਹਰ ਵਰਗ ਦੇ ਲੋਕ ਵੱਧ ਚੜ੍ਹ ਕੇ ਇਸ ਪੁਰਬ ਵਿੱਚ ਸ਼ਾਮਿਲ ਹੁੰਦੇ ਸਨ। ਬਹੁਤ ਅੱਛੇ ਭਾਸ਼ਣ ਹੁੰਦੇ ਸਨ ਤੇ ਉੱਚ-ਪਾਏ ਦੀਆਂ ਕਵਿਤਾਵਾਂ ਪੜ੍ਹੀਆਂ ਜਾਂਦੀਆਂ ਸਨ। ਇੰਨੇ ਹੀ ਜੋਸ਼ ਨਾਲ਼ 26 ਜਨਵਰੀ ਦਾ ਰੀਪਬਲਿਕ ਦਿਵਸ ਸਕੂਲ ਦੀ ਗਰਾਊਂਡ ਵਿੱਚ ਮਨਾਇਆ ਜਾਂਦਾ ਸੀ। ਇਸ ਵਿੱਚ ਸਕੂਲ ਦੇ ਅਧਿਆਪਕ ਤੇ ਕਾਲਜ ਦੇ ਪ੍ਰੋਫੈਸਰ ਆਪਣੇ ਵਿਚਾਰ ਪੇਸ਼ ਕਰਦੇ ਸਨ। ਇਲਾਕੇ ਦੇ ਲੋਕ ਭਾਰੀ ਗਿਣਤੀ ਵਿੱਚ ਪਹੁੰਚਦੇ ਸਨ।

ਕਿਉਂਕਿ ਸਕੂਲ ਕਾਲਜ ਵਿੱਚ ਕੋਈ ਦੀਵਾਰ ਨਹੀਂ ਸੀ। ਕਾਲਜ ਦੇ ਹਰ ਪ੍ਰੋਗਰਾਮ ਵਿੱਚ ਸਕੂਲ ਦੇ ਵਿਦਿਆਰਥੀ ਆਪਣੇ ਬਸਤਿਆਂ ਸਮੇਤ ਕਾਲਜ ਦੇ ਹਾਲ ਵਿੱਚ ਪਹੁੰਚ, ਸਾਰੇ ਪ੍ਰੋਗਰਾਮ ਦੇਖਦੇ ਸਨ। ਇਸ ਤੋਂ ਇਲਾਵਾ ਰਾਤ ਵੇਲੇ ਖੁਲ੍ਹੇ ਕਵੀ ਦਰਬਾਰ ਤੇ ਸੱਭਿਆਚਾਰਕ ਪ੍ਰੋਗਰਾਮ ਹੁੰਦੇ ਸਨ। ਇਨ੍ਹਾਂ ਸਮਾਗਮਾਂ ਲਈ ਉਤਸ਼ਾਹ ਤੇ ਪ੍ਰੇਰਨਾ ਪ੍ਰਿੰਸੀਪਲ ਸਾਹਿਬ ਵਲੋਂ ਹੁੰਦੀ ਸੀ।

ਇੱਕ ਵਾਰ ਸਕੂਲ ਦੇ ਹਾਲ ਵਿੱਚ ਬਾਬੂ ਗੁਰਬਖਸ਼ ਸਿੰਘ ਮਾਹਿਲਪੁਰੀ ਹੋਰਾਂ ਨੂੰ ਸਮਰਪਿਤ ਇੱਕ ਕਵੀ ਦਰਬਾਰ ਕਰਵਾਇਆ ਜਾ ਰਿਹਾ ਸੀ। ਪ੍ਰਿੰਸੀਪਲ ਸਾਹਿਬ ਦੇ ਇੱਕ ਨਜ਼ਦੀਕੀ ਸਵਰਗੀ ਗਿਆਨੀ ਹਰਕੇਵਲ ਸਿੰਘ 'ਸੈਲਾਨੀ' ਨੈਸ਼ਨਲ ਅਵਾਰਡੀ ਅਧਿਆਪਕ ਤੇ ਕਰੀਬ ਦੋ ਦਰਜਨ ਪੁਸਤਕਾਂ ਦੇ ਲੇਖਕ ਹੁਰਾਂ ਆਪਣੇ ਭਾਸ਼ਣ ਵਿੱਚ ਟਿੱਪਣੀ ਕੀਤੀ ਕਿ ਉਸ ਦਿਨ ਦਾ ਕਵੀ ਦਰਬਾਰ ਮਾਹਿਲਪੁਰ ਵਿੱਚ 37 ਸਾਲਾਂ ਬਾਅਦ ਹੋਇਆ ਹੈ। ਇਹ



ਟਿੱਪਣੀ ਸਹੀ ਸੀ। ਇਲਾਕਾ ਨਿਵਾਸੀ ਸੋਚਣ ਕਿ ਇਹ ਇਸ ਤਰ੍ਹਾਂ ਕਿਉਂ ਹੋਇਆ ਤੇ ਇਸ ਸਬੰਧੀ ਆਉਣ ਵਾਲੇ ਸਮੇਂ ਵਿੱਚ ਕਿੰਨ੍ਹਾਂ ਯਤਨਾਂ ਦੀ ਲੋੜ ਹੈ।

## ਫੁੱਟਬਾਲ ਦੀ ਚੜ੍ਹਤ ਤੇ ਜਰਨੈਲ ਸਿੰਘ

ਮਾਹਿਲਪੁਰ ਦਾ ਫੁੱਟਬਾਲ ਵਿੱਚ ਕੋਈ ਨਾਂ ਨਹੀਂ ਸੀ। ਮਾਹਿਲਪੁਰ ਦੇ ਫੁੱਟਬਾਲ ਦੀ ਸਮੁੱਚੇ ਪੰਜਾਬ ਵਿੱਚ ਪਹਿਚਾਣ ਕਿਵੇਂ ਹੋਵੇ? ਕੋਸ਼ਿਸ਼ਾਂ ਸ਼ੁਰੂ ਹੋਈਆਂ। ਅੰਬਾਲਾ ਉਸ ਵੇਲੇ ਫੁੱਟਬਾਲ ਦੀ ਖੇਡ ਦਾ ਗੜ੍ਹ ਸੀ। ਪ੍ਰਿੰਸੀਪਲ ਸਾਹਿਬ ਨੇ ਆਪਣੀ ਟੀਮ ਪ੍ਰੈਕਟਿਸ ਲਈ ਅੰਬਾਲ਼ਾ ਭੇਜੀ ਤਾਂ ਕਿ ਪੰਜਾਬ ਵਿੱਚ ਪਤਾ ਲੱਗੇ ਕਿ ਫੁੱਟਬਾਲ ਮਾਹਿਲਪੁਰ ਵਿੱਚ ਵੀ ਖੇਡਿਆ ਜਾ ਰਿਹਾ ਹੈ। ਕੋਈ ਮਾਹਿਲਪੁਰ ਦੀ ਟੀਮ ਨਾਲ਼ ਖੇਡਣ ਦਾ ਮੌਕਾ ਨਾ ਦੇਵੇ। ਉੱਥੇ ਇੱਕ ਟੀਮ ਸੀ ਜਿਸ ਦੀ ਸਰਪ੍ਰਸਤ ਰਿਕਸ਼ਾ ਯੂਨੀਅਨ ਸੀ। ਉਸ ਟੀਮ ਨੂੰ ਰਿਕਸ਼ੇ ਵਾਲ਼ਿਆਂ ਦੀ ਫੁੱਟਬਾਲ ਦੀ ਟੀਮ ਕਰਕੇ ਜਾਣਿਆਂ ਜਾਂਦਾ ਸੀ। ਫਿਰ ਮਿੰਨਤ ਤਰਲੇ ਬਾਅਦ, ਉਹ ਮੈਚ ਖੇਡਣ ਲਈ ਮੰਨ ਗਏ। ਰਿਕਸ਼ਾ ਵਾਲ਼ਿਆਂ ਦੀ ਟੀਮ ਨਾਲ਼ ਖੇਡਣ ਦਾ ਮੌਕਾ ਮਿਲ਼ ਗਿਆ। ਉੱਥੇ ਮਾਹਿਲਪੁਰ ਦੀ ਜਿੱਤ ਗਈ। ਅਗਲੇ ਦਿਨ ਜੌਲੀ-ਜੌਲੀ ਫੁੱਟਬਾਲ ਕਲੱਬ ਨਾਲ਼ ਮੈਚ ਖੇਡਿਆ, ਉਸ ਵਿੱਚ ਵੀ ਜਿੱਤ ਹੋਈ। ਫਿਰ ਸੱਭ ਤੋਂ ਮਸ਼ਹੂਰ ਹੀਰੋ ਕਲੱਬ ਨਾਲ਼ ਪ੍ਰੈਕਟਿਸ ਮੈਚ ਮਿਲਣ ਤੋਂ ਬਾਅਦ ਮਾਹਿਲਪੁਰ ਫੁੱਟਬਾਲ ਖੇਡ ਲਈ ਸਵੈ-ਵਿਸ਼ਵਾਸੀ ਹੋ ਗਿਆ। ਮਾਹਿਲਪੁਰ ਕਾਲਜ ਨੂੰ ਲੋਕਾਂ ਵਿੱਚ ਫੁੱਟਬਾਲ ਦੀ ਮਾਨਤਾ ਪ੍ਰਾਪਤ ਹੋਈ। ਇਸ ਤਰ੍ਹਾਂ ਟੀਮ ਬਣੀ ਤੇ 1953-54 ਵਿੱਚ ਯੂਨੀਵਰਸਿਟੀ ਦਾ ਪਹਿਲੀ ਵਾਰ ਚੈਂਪੀਅਨ ਕਾਲਜ ਬਣਿਆ।

ਹੁਣ ਅਸੀਂ ਸਾਰੇ ਜਾਣਦੇ ਹਾਂ ਕਿ ਮਾਹਿਲਪੁਰ ਦਾ ਨਾਮ ਫੁੱਟਬਾਲ ਦੀ ਖੇਡ ਨਾਲ਼ ਜੁੜ ਗਿਆ ਹੈ। ਇਹ ਅਚਾਨਕ ਨਹੀਂ ਹੋਇਆ ਸਗੋਂ ਇਹ ਵੱਡੀ ਘਾਲਣਾ ਦਾ ਨਤੀਜਾ ਹੈ। ਖਾਲਸਾ ਸਕੂਲ ਤੋਂ ਸ਼ੁਰੂ ਹੋਈ ਇਹ ਖੇਡ ਮੈਂਗੋ-ਸੀਜਨ ਫੁੱਟਬਾਲ ਤੱਕ ਜਾ ਪਹੁੰਚੀ। ਸਕੂਲ ਵਿੱਚ ਇਸ ਖੇਡ ਨੇ ਅੰਮ੍ਰਿਤਸਰ ਦੀਵਾਲ਼ੀ ਟੂਰਨਾਮੈਂਟ ਵਿੱਚ ਲਗਾਤਾਰ ਪਹਿਲਾ ਸਥਾਨ ਪ੍ਰਾਪਤ ਕੀਤਾ। ਫਿਰ ਅਜ਼ਾਦੀ ਤੋਂ ਪਹਿਲਾਂ ਪੂਰੇ ਪੰਜਾਬ ਵਿੱਚ ਲਾਇਲਪੁਰ ਵਰਗੇ ਸ਼ਹਿਰਾਂ ਵਿੱਚ ਵੀ ਮਾਹਿਲਪੁਰ ਦੀ ਫੁੱਟਬਾਲ ਖੇਡ ਨੇ ਧੁੰਮਾਂ ਪਾਈਆਂ। ਮੈਂਗੋ-ਸੀਜਨ ਸਾਰੇ ਪੰਜਾਬ ਵਿੱਚ ਵਿਲੱਖਣ ਫੁੱਟਬਾਲ ਟੂਰਨਾਮੈਂਟ ਵਜੋਂ ਜਾਣਿਆ ਜਾਣ ਲੱਗਾ। ਫਿਰ ਇਹ ਖੇਡ ਖਾਲਸਾ ਕਾਲਜ ਮਾਹਿਲਪੁਰ ਵਿੱਚ ਪਹੁੰਚ ਕੇ ਸਿਖਰਾਂ ਛੋਹ ਗਈ। ਪੰਜਾਬ ਯੂਨੀਵਰਸਟੀ ਵਿੱਚ ਚੈਂਪੀਅਨਸ਼ਿਪ ਜਿੱਤਣਾ ਜ਼ਰੂਰੀ ਬਣ ਗਿਆ। ਪੰਜਾਬ ਯੂਨੀਵਰਸਟੀ ਦੀ ਫੁੱਟਬਾਲ ਟੀਮ ਦੇਸ਼ ਭਰ ਵਿੱਚ ਚੈਂਪੀਅਨ ਰਹਿਣ ਲੱਗੀ ਤੇ ਇਸ ਟੀਮ ਦੀ ਕਪਤਾਨੀ ਬਹੁਤ ਵਾਰ ਮਾਹਿਲਪੁਰ ਖਾਲਸਾ ਕਾਲਜ ਦੇ ਹਿੱਸੇ ਆਈ। ਸ. ਮੂਲ ਸਿੰਘ ਸਮਰਾਵਾਂ, ਜਾਗਰ ਸਿੰਘ ਬੈਂਸ ਤੇ ਚਰਨ ਸਿੰਘ ਬੰਬੇਲੀ ਸੰਗਠਿਤ ਪੰਜਾਬ ਦੀ ਪੰਜਾਬ ਯੂਨੀਵਰਸਿਟੀ ਦੇ ਕੈਪਟਨ ਰਹੇ। ਜਰਨੈਲ ਸਿੰਘ, ਸਤਵੰਤ ਸਿੰਘ ਬੈਂਸ, ਰਘੁਬੀਰ ਸਿੰਘ ਗਿੱਲ, ਰਾਮ ਕਿਸ਼ਨ ਬਿੱਲਾ, ਜਗਤਾਰ ਸਿੰਘ, ਉਜਾਗਰ ਸਿੰਘ, ਕਰਨੈਲ ਸਿੰਘ, ਨਿਰਮਲ ਸਿੰਘ ਸਹੋਤਾ ਤੇ ਕਈ ਹੋਰ ਪੰਜਾਬ ਯੂਨੀਵਰਸਟੀ ਦੀ ਟੀਮ ਦੇ ਕਪਤਾਨ ਰਹੇ। ਨਾਮੀ ਖਿਡਾਰੀਆਂ ਦੀ ਲਿਸਟ ਬਹੁਤ ਲੰਬੀ ਹੈ। ਕਾਲਜ ਅਣਗਿਣਤ ਵਾਰ ਚੈਂਪੀਅਨ ਰਹਿ ਚੁੱਕਾ ਹੈ। ਗੁਰਦੇਵ ਸਿੰਘ ਅਰਜੁਨਾ ਅਵਾਰਡੀ ਤੇ ਮਹਾਰਾਜਾ ਰਣਜੀਤ ਸਿੰਘ ਅਵਾਰਡੀ ਇਸ ਕਾਲਜ ਦਾ ਵਿਦਿਆਰਥੀ ਹੈ। ਕਿੰਨੇ ਕਲੱਬਾਂ ਦੇ ਵਿੱਚ ਇਸ ਕਾਲਜ ਦੇ ਵਿਦਿਆਰਥੀ ਖੇਡਦੇ ਹਨ। ਜਰਨੈਲ ਸਿੰਘ ਨੇ ਇਸ ਖੇਡ ਵਿੱਚ ਇੰਨੀ ਵੱਡੀ ਪ੍ਰਾਪਤੀ

ਕੀਤੀ ਕਿ ਮਾਹਿਲਪੁਰ ਫੁੱਟਬਾਲ ਤੇ ਜਰਨੈਲ ਸਿੰਘ ਦੇ ਨਾਮ ਰਲ਼ ਗਡ ਹੋ ਗਏ।

### ਜਰਨੈਲ ਸਿੰਘ

ਮੈਗੋ-ਸੀਜ਼ਨ ਟੂਰਨਾਮੈਂਟ ਖੇਡਣ ਆਇਆ ਜਰਨੈਲ ਸਿੰਘ ਪਨਾਮ ਕਾਲਜ ਤੇ ਦਰਸ਼ਕਾਂ ਦੀ ਨਜ਼ਰੀ ਚੜ੍ਹ ਗਿਆ ਤੇ ਉਸ ਨੂੰ ਮਾਹਿਲਪੁਰ ਕਾਲਜ ਲੈ ਆਂਦਾ। ਪ੍ਰਿੰਸੀਪਲ ਸਾਹਿਬ ਨੇ ਜਰਨੈਲ ਸਿੰਘ ਦੀ ਪੜ੍ਹਾਈ ਵੱਲ ਖਾਸ ਤਵੱਜੋ ਦਿੱਤੀ। ਉਨ੍ਹਾਂ ਨੇ ਬਾਕੀ ਪਲੇਅਰਾਂ ਨੂੰ ਵੀ ਪੜ੍ਹਾਈ ਵਿੱਚ ਨਿਪੁੰਨ ਬਣਾਇਆ ਤੇ ਉਨ੍ਹਾਂ ਨੇ ਬੀ.ਏ. ਦੀ ਡਿਗਰੀ ਪ੍ਰਾਪਤ ਕਰਕੇ ਖੇਡ ਤੇ ਹੋਰ ਵਿਭਾਗਾਂ ਵਿੱਚ ਉੱਚ ਦਰਜੇ ਹਾਸਿਲ ਕੀਤੇ। ਜਰਨੈਲ ਸਿੰਘ ਦੀ ਖੇਡ ਦਿਨ-ਬ-ਦਿਨ ਉਚਾਈਆ ਛੂੰਹਦੀ ਗਈ। ਉਸ ਨੇ ਕਾਲਜ ਤੇ ਯੂਨੀਵਰਸਿਟੀ ਦੀ ਕਪਤਾਨੀ ਕੀਤੀ। ਫਿਰ ਉਸਦੀ ਖੇਡ ਦੀ ਧੁੰਮ ਬੰਗਾਲ ਜਾ ਪਹੁੰਚੀ। ਬੰਗਾਲ ਦੇ ਲੋਕ ਫੁੱਟਬਾਲ ਦੇ ਪ੍ਰੇਮੀ ਹਨ। ਉਸਨੂੰ ਵੱਡੀ ਰਕਮ ਦੇ ਕੇ ਮੋਹਨ ਬਗਾਨ ਵਾਲੇ ਲੈ ਗਏ। ਉਹ ਦੋ ਸਾਲ ਮੋਹਨ ਬਗਾਨ ਫੁੱਟਬਾਲ ਕਲੱਬ ਦੇ ਕਪਤਾਨ ਰਹੇ। ਜਰਨੈਲ ਸਿੰਘ ਦੀ ਕਪਤਾਨੀ ਵਾਲ਼ੀ ਟੀਮ ਨੇ ਡੂਰੰਡ ਕੱਪ ਫੁੱਟਬਾਲ ਟੂਰਨਾਮੈਂਟ ਜਿੱਤਿਆ। ਫਿਰ ਉਹ ਕੌਮਾਂਤਰੀ ਪੱਧਰ ਦਾ ਖਿਡਾਰੀ ਹੋ ਨਿਕਲ਼ਿਆ। 1960 ਵਿੱਚ ਉਹ ਰੋਮ ਉਲੰਪਿਕ ਖੇਡਿਆ। ਇਸ ਅੰਤਰ-ਰਾਸ਼ਟਰੀ ਮੁਕਾਬਲੇ ਵਿੱਚ ਭਾਰਤ ਦਾ ਚੌਥਾ ਸਥਾਨ ਆਇਆ ਜੋ ਹੁਣ ਤੱਕ ਸਭ ਤੋਂ ਉੱਚਤਮ ਹੈ। ਇਸ ਪ੍ਰਾਪਤੀ ਤੋਂ ਬਾਅਦ ਉਹ ਵਿਸ਼ਵ ਫੁੱਟਬਾਲ ਇਲੈਵਨ ਦੀ ਟੀਮ ਦਾ ਮੈਂਬਰ ਚੁਣਿਆ ਗਿਆ। ਬੈਂਕਾਕ ਏਸ਼ੀਅਨ ਖੇਡਾਂ ਵਿੱਚ ਜਰਨੈਲ ਕਪਤਾਨ ਥਾਪਿਆ ਗਿਆ ਤੇ ਇਹ ਟੀਮ ਏਸ਼ੀਆਨ ਫੁੱਟਬਾਲ ਚੈਂਪੀਅਨ ਬਣੀ। ਇਸ ਜਿੱਤ ਦਾ ਸਿਹਰਾ ਜਰਨੈਲ ਸਿਰ ਬੱਝਾ। ਸੰਤੋਸ਼ ਟਰਾਫੀ ਫੁੱਟਬਾਲ ਟੂਰਨਾਮੈਨਟ ਭਾਰਤ ਦੀ ਸੀਨੀਅਰ ਫੁੱਟਬਾਲ ਚੈਂਪੀਅਨਸ਼ਿੱਪ ਦੇ ਤੌਰ 'ਤੇ ਮਸ਼ਹੂਰ ਹੈ। ਇਸ ਦੇ ਵਿੱਚ ਭਾਗ ਲੈਣ ਵਾਲੀ ਟੀਮ ਲਈ ਸ. ਜਰਨੈਲ ਸਿੰਘ ਨੂੰ ਕੋਚ ਵਜੋਂ ਨਿਯੁਕਤ ਕੀਤਾ ਗਿਆ ਤੇ ਪੰਜਾਬ ਨੇ ਇਹ ਪਹਿਲੀ ਵਾਰ ਚੈਂਪੀਅਨਸ਼ਿੱਪ ਜਿੱਤਣ ਦਾ ਮਾਣ ਪ੍ਰਾਪਤ ਕੀਤਾ। ਇਸ ਟੀਮ ਦੇ ਸ. ਜਰਨੈਲ ਸਿੰਘ ਕੋਚ ਵੀ ਸਨ ਤੇ ਖਿਡਾਰੀ ਵੀ। ਇਸ ਟੀਮ ਦੇ ਮੈਂਬਰਾਂ ਵਿੱਚ ਅੱਧ ਤੋਂ ਵੱਧ ਖਿਡਾਰੀ ਮਾਹਿਲਪੁਰ ਦੀ ਪੈਦਾਵਾਰ ਸਨ। ਉਸ ਦੀ ਖੇਡ ਸਮਰੱਥਾ ਨੂੰ ਦੇਖਦਿਆਂ ਕੇਂਦਰ ਸਰਕਾਰ ਨੇ ਉਸਨੂੰ ਅਰਜੁਨਾ ਅਵਾਰਡ ਨਾਲ਼ ਸਨਮਾਨਿਆ।ਪੰਜਾਬ ਸਰਕਾਰ ਨੇ ਉਸ ਨੂੰ ਖੇਡਾਂ ਦੇ ਵਿਭਾਗ ਵਿੱਚ ਬਹੁਤ ਉੱਚਾ ਅਹੁਦਾ ਦਿੱਤਾ।

ਜਦੋਂ ਜਰਨੈਲ ਦਾ ਜਲੌਅ ਸਿਖਰਾਂ 'ਤੇ ਸੀ ਤਾਂ ਵੀ ਉਹ ਖੇਡ ਤੋਂ ਮਿਲ਼ੇ ਵਿਹਲੇ ਦਿਨਾਂ ਵਿੱਚ ਸਿੱਧਾ ਮਾਹਿਲਪੁਰ ਕਾਲਜ ਪਹੁੰਚਦਾ ਸੀ। ਕਾਲਜ ਤੇ ਇਲਾਕਾ ਨਿਵਾਸੀ-ਆਂ ਨੂੰ ਕਦੇ ਵੀ ਮਹਿਸੂਸ ਨਹੀਂ ਹੋਇਆ ਸੀ ਕਿ ਕੋਈ ਖਾਸ ਹਸਤੀ ਕਾਲਜ ਵਿੱਚ ਪਹੁੰਚੀ ਹੈ। ਉਹ ਤਾਂ ਜਰਨੈਲ ਜੀ ਨੂੰ ਦੇਖ ਕੇ ਇਹੋ ਖਿਆਲ ਕਰਦੇ ਸਨ ਕਿ ਘਰ ਦਾ ਬੰਦਾ ਘਰ ਮੁੜਿਆ ਹੈ। ਉਹ ਸਿੱਧਾ ਉਸ ਲਈ ਹੋਸਟਲ ਵਿੱਚ ਰੱਖੇ ਰਾਖਵੇਂ ਕਮਰਿਆਂ ਵਿੱਚ ਪਹੁੰਚਦਾ ਸੀ ਤੇ ਸਹਾਇਕ ਕਰਮਚਾਰੀ ਉਸ ਦੀ ਖਿਦਮਤ ਲਈ ਤੁਰੰਤ ਪਹੁੰਚ ਜਾਂਦੇ ਸਨ। ਉਹ ਅਕਸਰ ਗਰਾਊਂਡਾਂ ਵਿੱਚ ਪ੍ਰੈਕਟਿਸ ਕਰਦਾ ਦੇਖਿਆ ਜਾਂਦਾ ਸੀ।

ਜਰਨੈਲ ਸਿੰਘ ਦੀ ਇਹ ਵਡਿਆਈ ਦੀ ਗੱਲ ਕਰਨੀ ਕੁੱਥਾ ਨਹੀਂ ਹੋਵੇਗੀ। ਜਰਨੈਲ ਸਿੰਘ ਆਪਣੇ ਖੇਡ-ਕਾਲ ਵਿੱਚ ਕਲਕੱਤੇ ਇੱਕ ਸ਼ੋ-ਰੂਮ 'ਚੋਂ ਰੌਇਲ ਐਨਫੀਲਡ ਮੋਟਰ ਸਾਈਕਲ ਖਰੀਦਣ ਲਈ ਗਿਆ। ਉਹ ਸ਼ੋ-ਰੂਮ ਵਿੱਚ ਇੱਧਰ-ਉੱਧਰ ਘੁੰਮਣ ਲੱਗਾ। ਇੰਨੇ



ਨੂੰ ਉੱਥੇ ਹਾਜ਼ਿਰ ਸਾਰੇ ਕਾਮੇ ਭਿਰਨ-ਭਿਰਨ ਜਰਨੈਲ ਸਿੰਘ ਦੇ ਇਰਦ-ਗਿਰਦ ਇਕੱਠੇ ਹੋਣ ਲੱਗੇ। ਮੈਨੇਜਰ ਘਬਰਾਇਆ ਹੋਇਆ ਉਨ੍ਹਾਂ ਪਾਸ ਆਇਆ ਤੇ ਕਹਿਣ ਲੱਗਾ,"ਕੀ ਮਾਮਲਾ ਹੈ?" ਵਰਕਰ ਕਹਿਣ ਲੱਗੇ," ਜੀ ਇਹ ਮੋਹਨ ਬਾਗਾਨ ਫੁੱਟਬਾਲ ਕਲੱਬ ਵਾਲੇ ਜਰਨੈਲ ਸਿੰਘ ਆਏ ਹਨ।" ਮੈਨੇਜਰ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਤੇ ਕਹਿਣ ਲੱਗਾ," ਸਿੰਘ ਸਾਹਿਬ ਹੁਕਮ ਕਰੋ ਕੀ ਚਾਹੀਦਾ ਹੈ।" ਜਰਨੈਲ ਸਿੰਘ ਹੁਰਾਂ ਮੋਟਰ-ਸਾਈਕਲ ਖਰੀਦਣ ਬਾਰੇ ਗੱਲ ਕੀਤੀ। ਝਟਪਟ ਕਾਗਜ਼ ਤਿਆਰ ਕੀਤੇ ਜਾਣ ਲੱਗੇ ਤੇ ਕਾਗਜ ਪੂਰੇ ਹੋਣ 'ਤੇ ਮੋਟਰ ਸਾਈਕਲ ਜਰਨੈਲ ਸਿੰਘ ਅੱਗੇ ਖੜ੍ਹਾ ਕਰ ਦਿੱਤਾ ਤੇ ਮੈਨੇਜਰ ਸਾਹਿਬ ਕਹਿਣ ਲੱਗੇ," ਜੀ ਮੋਟਰ-ਸਾਈਕਲ ਲੈ ਜਾਓ।" ਜਰਨੈਲ ਸਿੰਘ ਹੁਰਾਂ ਰਕਮ ਬਾਰੇ ਪੁੱਛਿਆ। ਮੈਨੇਜਰ ਸਾਹਿਬ ਬੋਲੇ," ਸਿਰਫ ਵਿਜ਼ਿਟਰ ਬੁੱਕ ਵਿੱਚ ਦਸਤਖਤ ਕਰ ਜਾਓ।" ਜਰਨੈਲ ਸਿੰਘ ਜੀ ਨੂੰ ਮੋਟਰ ਸਾਈਕਲ ਮੁਫਤ ਲਿਆਉਣਾ ਪਿਆ।

ਜਰਨੈਲ ਸਿੰਘ ਚੁਸਤ-ਦਰੁੱਸਤ, ਮਿੱਠ ਬੋਲੜਾ, ਹੱਸਮੁੱਖ, ਨਿਮਰ ਤੇ ਬਹੁਤ ਹੀ ਪਿਆਰਾ ਇਨਸਾਨ ਸੀ। ਵਡਿਆਈ ਉਸ ਦੇ ਸਿਰ ਨੂੰ ਨਹੀਂ ਚੜ੍ਹੀ ਸੀ। ਉਹ ਸਦਾ ਹੀ, ਕਾਲਜ ਦਾ ਅਟੁੱਟ ਅੰਗ ਰਿਹਾ। ਉਸ ਨੂੰ ਜ਼ਿੰਦਗੀ ਦੇ ਆਖਰੀ ਸਫ਼ਰ ਵਿੱਚ ਵੀ ਕਾਲਜ ਲਿਆਂਦਾ ਗਿਆ ਤੇ ਕਾਲਜ ਤੋਂ ਅੰਤਿਮ ਵਾਰ ਕਾਲਜ ਤੇ ਇਲਾਕੇ ਨੇ ਉਸ ਨੂੰ ਇਸ ਤਰ੍ਹਾਂ ਵਿਦਾ ਕੀਤਾ ਜਿਵੇਂ ਕਿ ਘਰਦੇ ਬੰਦੇ ਨੂੰ ਕਰੀਦਾ ਹੈ।

ਸ. ਜਰਨੈਲ ਸਿੰਘ ਦੇ ਨਾਂ ਤੋਂ ਬਾਅਦ ਕਾਲਜ ਦੀ ਫੁੱਟਬਾਲ ਖੇਡ ਵਿੱਚ ਰਾਮ ਕਿਸ਼ਨ ਬਿੱਲਾ ਜੀ ਦਾ ਨਾਂ ਆਉਂਦਾ ਹੈ। ਉਸ ਦਾ ਕੱਦ ਕਾਠ ਤੇ ਖੇਡ ਸ਼ਾਨਾਂ ਮੱਤੇ ਸਨ। ਉਹ ਦਰਸ਼ਕਾਂ ਵਿੱਚ ਬਹੁਤ ਹਰਮਨ ਪਿਆਰਾ ਸੀ। ਉਹ ਸਫ਼ਲ ਸਕੋਰਰ ਸੀ ਤੇ ਉਸ ਬਾਰੇ ਅਕਸਰ ਇਹ ਕਿਹਾ ਜਾਂਦਾ ਸੀ ਕਿ ਜਦੋਂ ਵੀ ਖੇਡ ਸਮੇਂ ਉਸ ਦਾ ਮੂੰਹ ਵਿਰੋਧੀ ਟੀਮ ਦੇ ਗੋਲਾਂ ਵੱਲ ਹੋ ਜਾਂਦਾ ਹੈ ਤਾਂ ਸਮਝੋ ਗੋਲ ਹੋ ਗਿਆ ਤੇ ਇਸ ਤਰ੍ਹਾਂ ਹੁੰਦਾ ਵੀ ਸੀ।

ਕਾਲਜ ਦਾ ਇੱਕ ਹੋਰ ਵਿਦਿਆਰਥੀ ਐਥਲੇਟਿਕਸ ਵਿੱਚ ਅਰਜਨਾ ਅਵਾਰਡੀ ਹੈ। ਉਹ ਸ. ਜਰਨੈਲ ਸਿੰਘ ਕਾਲੇਵਾਲ਼ ਭਗਤਾਂ ਹੈ। ਉਹ ਬਹੁਤ ਹੀ ਨੇਕ, ਚੁੱਪ ਜਿਹਾ ਤੇ ਨਿਮਰ ਇਨਸਾਨ ਸੀ।

ਸ. ਗੁਰਦੇਵ ਸਿੰਘ ਗਿੱਲ ਖੈਰੜ ਅੱਛਰਵਾਲ 1970 ਵਿੱਚ ਸੰਤੋਸ ਟਰਾਫੀ ਟੂਰਨਾਮੈਂਟ ਵਿੱਚ ਖੇਡਿਆ ਤੇ ਉਸ ਸਮੇਂ ਉਹ ਬੀ.ਏ. ਪਹਿਲਾ ਸਾਲ ਦਾ ਵਿਦਿਆਰਥੀ ਸੀ। ਇਹ ਚੋਣ ਸ. ਜਰਨੈਲ ਸਿੰਘ ਦੀ ਸੀ ਤੇ ਉਨ੍ਹਾਂ ਦੀ ਚੋਣ ਨੂੰ ਸਲਾਹਿਆ ਗਿਆ। ਏਹੋ ਗੁਰਦੇਵ ਸਿੰਘ ਫਿਰ ਵੱਡੇ-ਵੱਡੇ ਟੂਰਨਾਮੈਂਟਾਂ ਵਿੱਚ ਖੇਡਿਆ।ਉਸ ਦੀ ਖੇਡ ਕਲਾ ਨੂੰ ਦੇਖ ਕੇ ਭਾਰਤ ਸਰਕਾਰ ਨੇ ਉਸ ਨੂੰ ਖੇਡਾਂ ਦੇ ਸਰਵਉੱਚ ਸਨਮਾਨ ਅਰਜੁਨਾ ਅਵਾਰਡ ਨਾਲ਼ ਸਨਮਾਨਿਆ। ਫਿਰ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਅਵਾਰਡ ਨਾਲ ਸਨਮਾਨਿਆ। ਪਿੱਛੋਂ ਉਹ ਪੰਜਾਬ ਪੁਲਿਸ ਦੇ ਅਫਸਰ ਵਜੋਂ ਸੇਵਾ ਮੁਕਤ ਹੋਏ।

### ਤਰਸੇਮ ਸਿੰਘ ਭਾਰਟਾ

ਇਹ ਸੱਜਣ ਪ੍ਰਿੰਸਪਿਲ ਸਾਹਿਬ ਜੀ ਦੇ ਮੁੱਖ ਸੇਵਾਦਾਰਾਂ ਵਿੱਚੋਂ ਸੀ। ਇਹ ਬਹੁਤ ਹੀ ਆਗਿਆਕਾਰੀ ਤੇ ਭਰੋਸੇਯੋਗ ਬੰਦਾ ਸੀ। ਉਹ ਜਰਨੈਲ ਸਿੰਘ ਐਥਲੀਟ ਅਰਜੁਨਾ ਅਵਾਰਡੀ ਦੇ ਪ੍ਰੈਕਟਿਸ ਕਰਨ ਸਮੇਂ ਤੇ ਮੁਕਾਬਲੇ ਕਰਨ ਵਾਲੀਆਂ ਥਾਵਾਂ ਵਿੱਚ ਸਹਾਇਕ

ਹੁੰਦਾ ਸੀ। ਫੁੱਟਬਾਲ ਵਿੱਚ ਉਸ ਦੀ ਸਮਝ ਹੈਰਾਨੀ ਜਨਕ ਸੀ। ਉਹ ਹਰ ਮੈਚ ਵਿੱਚ ਹਾਫ-ਟਾਈਮ ਤੋਂ ਬਾਅਦ ਟੀਮ ਦਾ ਸਲਾਹਕਾਰ ਬਣ ਜਾਂਦਾ ਸੀ ਖਿਡਾਰੀਆਂ ਨੂੰ ਉਨ੍ਹਾਂ ਦੀਆਂ ਖੇਡ ਵਿੱਚ ਹੋਈਆਂ ਗਲਤੀਆਂ ਬਾਰੇ ਦੱਸਦਾ ਸੀ। ਹਾਫ-ਟਾਈਮ ਵਿੱਚ ਲੱਗੀ ਛੋਟੀ ਮੋਟੀ ਸੱਟ ਦਾ ਉਹ ਝੱਟਪਟ ਇਲਾਜ ਕਰ ਦਿੰਦਾ ਸੀ। ਖਿਡਾਰੀ ਸਤਿਕਾਰ ਵਜੋਂ ਉਸ ਨੂੰ ਉਸਤਾਦ ਜੀ ਕਹਿੰਦੇ ਸਨ। ਕਾਲਜ ਦੇ ਸਮਾਗਮਾਂ ਵਿੱਚ ਖਾਣ-ਪੀਣ ਦਾ ਪ੍ਰਬੰਧ ਉਹ ਹੀ ਕਰਦਾ ਸੀ। ਕਾਲਜ ਦਾ ਰਿਕਾਰਡ ਸਾਂਭਣ ਤੇ ਲੱਭਣ ਵਿੱਚ ਉਹ ਬਹੁਤ ਮਾਹਰ ਸੀ।

## ਸ. ਮਹਾਂ ਸਿੰਘ-ਕੈਡੋਵਾਲ਼

ਸਕੂਲ ਤੋਂ ਕਾਲਜ ਆਉਣ ਸਮੇਂ ਪ੍ਰਿੰਸੀਪਲ ਸਾਹਿਬ ਸਕੂਲ ਦੇ ਕਲਰਕ ਸ. ਮਹਾਂ ਸਿੰਘ ਜੀ ਕੈਡੋਂਵਾਲ਼ ਨੂੰ ਕਾਲਜ ਲੈ ਕੇ ਆਏ ਤੇ ਉਨ੍ਹਾਂ ਨੂੰ ਹੈੱਡ-ਕਲਰਕ ਨਿਯੁਕਤ ਕੀਤਾ। ਉਹ ਪ੍ਰਛਾਵੇਂ ਵਾਂਗ ਪ੍ਰਿੰਸੀਪਲ ਸਾਹਿਬ ਦੇ ਅੰਗ-ਸੰਗ ਰਹਿੰਦੇ ਸਨ।

## ਮੈਨੇਜਰ ਲੈਫਟੀਨੈਂਟ ਮਨੋਹਰ ਸਿੰਘ ਜੀ

ਪ੍ਰਿੰਸੀਪਲ ਸਾਹਿਬ ਜਿੰਨੀ ਦੇਰ ਕਾਲਜ ਦੇ ਪ੍ਰਿੰਸੀਪਲ ਰਹੇ ਲੈਫਟੀਨੈਂਟ ਸ. ਮਨੋਹਰ ਸਿੰਘ ਜੀ ਕਾਲਜ ਦੇ ਮੈਨੇਜਰ ਰਹੇ। ਇਨ੍ਹਾਂ ਦੋਹਾਂ ਮਹਾਂ-ਪੁਰਸ਼ਾਂ ਦਾ ਆਪਸ ਵਿੱਚ ਬਹੁਤ ਮਿਲਵਰਤਨ ਸੀ। ਕਾਲਜ ਦੀ ਕੋਈ ਗੱਲ ਬਾਹਰ ਨਹੀਂ ਸੁਣੀ ਗਈ। ਇਸ ਦੇ ਨਤੀਜੇ ਬਹੁਤ ਚੰਗੇ ਨਿਕਲ਼ੇ ਜਿਨ੍ਹਾਂ ਤੋਂ ਲੁਕਾਈ ਭਲੀ-ਭਾਂਤ ਜਾਣੂ ਹੈ। ਸੋ ਮੈਨੇਜਰ ਸ. ਮਨੋਹਰ ਸਿੰਘ ਹੁਰਾਂ ਦਾ ਕਾਲਜ ਦੇ ਪ੍ਰਬੰਧ ਵਿੱਚ ਬਹੁਤ ਵੱਡਾ ਰੋਲ ਹੈ।

## ਪ੍ਰਿੰਸੀਪਲ ਸਾਹਿਬ ਜੀ ਦੀ ਸੇਵਾ ਮੁਕਤੀ

ਪ੍ਰਿੰਸੀਪਲ ਸਾਹਿਬ ਜੁਲਾਈ 1961 ਈ: ਨੂੰ ਸੇਵਾ ਮੁਕਤ ਹੋਏ। ਉਹ ਸੇਵਾ ਮੁਕਤੀ ਤੋਂ ਬਾਅਦ ਵੀ ਨਿੱਤਨੇਮ ਨਾਲ਼ ਕਾਲਜ ਆਉਂਦੇ ਸਨ ਤੇ ਪੂਰੇ ਸਰਗਰਮ ਸਨ। ਜਿਉਂ-ਜਿਉਂ ਕਾਲਜ ਦੀ ਸ਼ਾਨ ਵੱਧਦੀ ਗਈ, ਤਾਂ ਤਰ੍ਹਾਂ-ਤਰ੍ਹਾਂ ਦੇ ਲੋਕ ਖਾਸ ਕਰ ਰਾਜਸੀ ਵਿਅਕਤੀ ਕਾਲਜ ਵੱਲ ਵਧਣ ਲੱਗੇ। ਪ੍ਰਿੰਸੀਪਲ ਸਾਹਿਬ ਜੀ ਉਨ੍ਹਾਂ ਨੂੰ ਆਪਣੇ ਰਾਹ ਵਿੱਚ ਰੋੜਾ ਦਿਸਣ ਲੱਗੇ। ਪ੍ਰਿੰਸੀਪਲ ਸਾਹਿਬ ਨੂੰ ਵਿੰਗੇ-ਟੇਢੇ ਤਰੀਕੇ ਨਾਲ਼ ਕਠੋਰ ਸੰਦੇਸ਼ ਮਿਲਣੇ ਆਰੰਭ ਹੋ ਗਏ। ਇੱਕ ਦਿਨ ਪ੍ਰਿੰਸੀਪਲ ਸਾਹਿਬ ਨੇ ਆਪਣੇ ਇੱਕ ਬਹੁਤ ਹੀ ਨਜ਼ਦੀਕੀ ਨੂੰ ਦੱਸਿਆ,"ਹੁਣ ਉਹ ਕਹਿੰਦੇ ਹਨ ਕਿ ਮੈਂ ਕਾਲਜ ਨੂੰ ਕੀ ਕਰਨ ਆਉਂਦਾ। ਮੈਨੂੰ ਘਰ ਬੈਠਣਾ ਚਾਹੀਦਾ।" ਇਨ੍ਹਾਂ ਬੋਲਾਂ ਨਾਲ਼ ਪ੍ਰਿੰਸੀਪਲ ਸਾਹਿਬ ਬਹੁਤ ਦੁੱਖੀ ਰਹਿੰਦੇ।

15 ਅਗਸਤ 1962 ਨੂੰ ਅਜ਼ਾਦੀ ਦਿਵਸ ਦੇ ਅਵਸਰ ਉੱਤੇ ਉਨ੍ਹਾਂ ਨੇ ਲੋਕਾਂ ਦੇ ਸਾਹਮਣੇ ਆਪਣੇ ਦਿਲ ਦੇ ਉਬਾਲ਼ ਕੱਢੇ। ਉਸ ਹੀ ਰਾਤ ਉਹ ਦਿਲ ਦਾ ਦੌਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਏ।

ਇਲਾਕਾ ਤੇ ਉਨ੍ਹਾਂ ਦੇ ਵਿਦਿਆਰਥੀ ਉਨ੍ਹਾਂ ਦੀ ਯਾਦ ਵਿੱਚ ਸਿਰ ਝੁਕਾਉਂਦੇ ਹਨ। ਪਰ ਨਾਲ਼ ਇਹ ਵੀ ਕਹਿਣਾ ਬਣਦਾ ਹੈ ਕਿ ਅਜੇ ਤੱਕ ਇਲਾਕੇ ਵਲੋਂ ਉਨ੍ਹਾਂ ਦੇ ਯੋਗਦਾਨ ਨੂੰ ਪੂਰੀ ਤਰ੍ਹਾਂ ਘੋਖਿਆ ਜਾਚਿਆ ਨਹੀਂ ਜਾ ਸਕਿਆ। ਇਹ ਵੀ ਹੋ ਸਕਦਾ ਹੈ ਕਿ ਅਸੀਂ ਜੋ ਉਨ੍ਹਾਂ ਦੀ ਯਾਦ ਵਿੱਚ ਪ੍ਰਿੰਸੀਪਲ ਹਰਭਜਨ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਰਵਾਉਂਦੇ ਹਾਂ ਉਸ ਦੀ ਸਫ਼ਲਤਾ ਨਾਲ਼ ਹੀ ਸੰਤੁਸ਼ਟ ਹੋ ਗਏ ਹਾਂ। ਅਜੇ ਤਾਂ ਇਲਾਕਾ ਨਿਵਾਸੀਆਂ ਨੇ ਉਨ੍ਹਾਂ ਦੀ ਬਹੁਪੱਖੀ ਸ਼ਖਸੀਅਤ ਤੋਂ ਬਹੁਤ ਕੁੱਝ ਸਿੱਖਣਾ ਹੈ। ਉਨ੍ਹਾਂ ਦੀ ਅਸਲ ਦੇਣ ਨੂੰ ਘੋਖਣਾ, ਪਹਿਚਾਨਣਾ, ਜਾਨਣਾ ਤੇ ਸਲਾਹੁਣਾ ਹੈ। ਉਨ੍ਹਾਂ ਦੀ ਹਸਤੀ ਉੱਤੇ ਸੈਮੀਨਾਰ, ਲੈਕਚਰ ਆਦਿ ਕਰਵਾਉਣੇ ਅਜੇ ਬਾਕੀ ਹਨ। ਤਹਿਸ-ਨਹਿਸ ਹੋਏ ਵਿੱਦਿਅਕ ਢਾਂਚੇ ਨੂੰ ਮੁੜ ਸੁਰਜੀਤ ਕਰਨਾ ਸਮੇਂ ਦੀ ਪ੍ਰਮੁੱਖ ਲੋੜ ਹੈ। ਅਸੀਂ ਉਨ੍ਹਾਂ ਤੋਂ ਹੋਰ ਉਤਸ਼ਾਹ ਅਤੇ ਸੇਧ ਪ੍ਰਾਪਤ ਕਰਨੀ ਹੈ। ਪ੍ਰਿੰਸੀਪਲ ਸਾਹਿਬ ਨੂੰ ਯਾਦ ਕਰਨਾ ਇਸ ਵੇਲੇ ਬਹੁਤ ਜ਼ਰੂਰੀ ਹੈ।

## ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ
## ਤੇ
## ਪ੍ਰਿੰਸੀਪਲ ਹਰਭਜਨ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ

ਪ੍ਰਿੰਸੀਪਲ ਸਾਹਿਬ ਜੀ ਦੇ ਤੁਰ ਜਾਣ ਤੋਂ ਬਾਅਦ ਇਲਾਕੇ ਨੇ ਉਨ੍ਹਾਂ ਦੀ ਯਾਦ ਨੂੰ ਸੰਭਾਲਣ ਬਾਰੇ ਸੋਚਿਆ। ਉਨ੍ਹਾਂ ਦਾ ਨਾਂ ਪੜ੍ਹਾਈ ਅਤੇ ਫੁੱਟਬਾਲ ਨਾਲ਼ ਜੁੜਿਆਂ ਹੋਇਆ ਸੀ। ਇਲਾਕਾ ਨਿਵਾਸੀਆਂ ਦੀ ਸੋਚ ਇਸ ਪਾਸੇ ਤੁਰੀ ਕਿ ਮੈਂਗੋ-ਸੀਜਨ ਟੂਰਨਾਮੈਂਟ ਦਾ ਨਾਂ ਬਦਲ ਕੇ ਪ੍ਰਿੰਸੀਪਲ ਸਾਹਿਬ ਜੀ ਦੇ ਨਾਂ ਉੱਤੇ ਰੱਖ ਦਿੱਤਾ ਜਾਵੇ ਤੇ ਹਰ ਸਾਲ ਇਸ ਟੂਰਨਾਮੈਂਟ ਨੂੰ ਚਲਾਇਆ ਜਾਵੇ। ਪਤਵੰਤੇ ਸੱਜਣਾਂ ਦੀ ਪ੍ਰਬੰਧਕ ਕਮੇਟੀ ਦਾ ਐਲਾਨ ਕੀਤਾ ਗਿਆ। ਇਸ ਮੁੱਢਲੇ ਸਪੋਰਟਿੰਗ ਕਲੱਬ ਦੇ ਮੈਂਬਰਾਂ ਦੀ ਫੋਟੋ ਪਿੱਛਲੇ ਸਫਿਆਂ ਵਿੱਚ ਦੇਖੀ ਜਾ ਸਕਦੀ ਹੈ।

ਇਹ ਕਲੱਬ 1962 ਤੋਂ ਹੁਣ ਤੱਕ ਇੱਕਸਾਰ ਤੇ ਲੈਅ-ਬਧ ਨਿਰੰਤਰ ਚੱਲ ਰਿਹਾ ਹੈ। ਇਸ ਦੀ ਹਰ ਚੋਣ ਸਰਵ-ਸੰਮਤੀ ਨਾਲ਼ ਹੁੰਦੀ ਰਹੀ ਹੈ। ਇਲਾਕੇ ਵਿੱਚੋਂ ਦਰਸ਼ਕ ਭਾਰੀ ਗਿਣਤੀ ਵਿੱਚ ਟੂਰਨਾਮੈਂਟ ਦੇਖਣ ਪਹੁੰਚਦੇ ਹਨ। ਵਿਦੇਸ਼ੀ ਵੀਰਾਂ ਦਾ ਇਸ ਵਿੱਚ ਵਿਸ਼ੇਸ਼ ਸਹਿਯੋਗ ਹੈ। ਉਹ ਵੱਡੀ ਗਿਣਤੀ ਵਿੱਚ ਇਸ ਟੂਰਨਾਮੈਂਟ ਵਿੱਚ ਹਾਜ਼ਰ ਹੁੰਦੇ ਹਨ। ਅਸੀਂ ਮਾਣ ਨਾਲ਼ ਇਹ ਕਹਿ ਸਕਦੇ ਹਾਂ ਕਿ ਇਹ ਟੂਰਨਾਮੈਂਟ ਐੱਨ.ਆਰ.ਆਈਜ਼ ਦਾ ਮਿੰਨੀ ਸੰਮੇਲਨ ਵੀ ਹੋ ਨਿਬੜਦਾ ਹੈ। ਵਿਦੇਸ਼ੀ ਵੀਰਾਂ ਨੇ ਕੈਨੇਡਾ ਵਿੱਚ ਵੈਨਕੂਵਰ ਤੇ ਟੋਰਾਂਟੋ ਅਤੇ ਇੰਗਲੈਂਡ ਵਿੱਚ ਪ੍ਰਿੰਸੀਪਲ ਸਾਹਿਬ ਹੁਰਾਂ ਦੇ ਨਾਂ ਉੱਤੇ ਟਰੱਸਟ ਬਣਾਏ ਹੋਏ ਹਨ ਜੋ ਹਰ ਸਾਲ ਇਸ ਟੂਰਨਾਮੈਂਟ ਲਈ ਵੱਡੀਆਂ ਰਕਮਾਂ ਭੇਜਦੇ ਹਨ ਤੇ ਬਹੁਤ ਵਾਰ ਆਪ ਲੈ ਕੇ ਆਉਂਦੇ ਹਨ। ਇਨ੍ਹਾਂ ਵਿਦੇਸ਼ੀ ਵੀਰਾਂ ਦੇ ਕੁੱਝ ਨਾਂ ਇਸ ਪ੍ਰਕਾਰ ਹਨ:- ਸ. ਸਤਵੰਤ ਸਿੰਘ ਬੈਂਸ, ਦਲਜੀਤ ਸਿੰਘ ਬੈਂਸ, ਕੁਲਵੰਤ ਸਿੰਘ ਸੰਘਾ, ਅਨੂਪ ਸਿੰਘ ਲੁਡੂ ਆਦਿ।

ਇਸ ਕਲੱਬ ਦੇ ਹੁਣ ਤੱਕ ਦੇ ਥਾਪੇ ਗਏ ਸਤਿਕਾਰਯੋਗ ਪ੍ਰਧਾਨ ਸਾਹਿਬਾਨ ਦੇ ਨਾਮ ਇਸ ਪ੍ਰਕਾਰ ਹਨ :-

ਡਾ. ਨਰਿੰਦਰ ਪਾਲ, ਫਾਊਂਡਰ ਪਰੈਜ਼ੀਡੈਂਟ।
ਸ. ਅਮਰ ਸਿੰਘ ਭਾਰਟਾ ਜੀ।
ਸ. ਜਰਨੈਲ ਸਿੰਘ ਫੁੱਟਬਾਲਰ।
ਸ. ਹਰਕਿਸ਼ਨਦਿਆਲ ਸਿੰਘ ਜੀ।
ਡਾ. ਜਗੀਰ ਸਿੰਘ ਬੈਂਸ।

ਸ. ਹਰਬੰਸ ਸਿੰਘ ਬੈਂਸ ਐਂਜਨੀਅਰ-ਇੰਨ-ਚੀਫ।

ਸ. ਕੁਲਵੰਤ ਸਿੰਘ ਸੰਘਾ ।

ਡਾ. ਚੰਨਣ ਸਿੰਘ ਜੀ ਇਸ ਕਲੱਬ ਦੇ ਉਮਰ ਭਰ ਖਜ਼ਾਨਚੀ ਰਹੇ ਤੇ ਟੂਰਨਾਮੈਂਟ ਵਿੱਚ ਉਨ੍ਹਾਂ ਦੀ ਹਾਜ਼ਰੀ ਤੇ ਅਗਵਾਈ ਵੱਡਮੁੱਲੀ ਸੀ।

ਫੁੱਟਬਾਲ ਦੀ ਹਸਤੀ ਜਨਾਬ ਅਲੀ ਹਸਨ ਜੀ, ਪ੍ਰਿੰਸੀਪਲ ਬਾਲ ਕਿਸ਼ਨ ਬਾਲੀ ਜੀ ਤੇ ਮਾਸਟਰ ਧਰਮ ਸਿੰਘ ਜੀ ਘੁਮਿਆਲਾ ਹੁਰਾਂ ਦਾ ਟੂਰਨਾਮੈਂਟ ਦੀ ਸਫ਼ਲਤਾ ਵਿੱਚ ਵਿਸ਼ੇਸ਼ ਯੋਗਦਾਨ ਹੈ।ਸਮੁੱਚਾ ਕਾਲਜ ਟੂਰਨਾਮੈਂਟ ਦੇ ਪ੍ਰਬੰਧ ਲਈ ਹਾਜ਼ਰ ਹੁੰਦਾ ਹੈ।

ਜਨਾਬ ਅਲੀ ਹਸਨ ਪੰਜਾਬ ਦੇ ਮੰਨੇ ਪਰਮੰਨੇ ਫੁੱਟਬਾਲ ਕੋਚ ਹਨ। ਉਨ੍ਹਾਂ ਨੇ ਮਾਹਿਲਪੁਰ ਸਕੂਲ ਵਿੱਚ 36 ਸਾਲ ਫੁੱਟਬਾਲ ਸਬੰਧੀ ਕੰਮ ਕੀਤਾ। ਉਨ੍ਹਾਂ ਦੇ ਟਰੇਨ ਕੀਤੇ ਦਰਜਨਾਂ ਖਿਡਾਰੀ ਕੌਮਾਂਤਰੀ ਤੇ ਅੰਤਰ-ਰਾਸ਼ਟਰੀ ਪੱਧਰ ਤੱਕ ਦੇ ਖੇਡ ਖੇਤਰ ਵਿੱਚ ਆਪਣਾ ਨਾਂ ਬਣਾ ਚੁੱਕੇ ਹਨ। ਪੰਜਾਹ ਤੋਂ ਉੱਪਰ ਪ੍ਰੋਫੈਸ਼ਨਲ ਫੁੱਟਬਾਲ ਖੇਡਣ ਵਾਲੇ ਬਣਾਏ। ਇਸ ਵੇਲੇ ਚੱਲ ਰਹੀ ਸੁਪਰ-ਲੀਗ ਵਿੱਚ ਖੇਡਣ ਵਾਲੀਆਂ ਟੀਮਾਂ ਦੇ 10 ਖਿਡਾਰੀਆਂ ਨੇ ਉਨ੍ਹਾਂ ਕੋਲੋਂ ਸਿਖਲਾਈ ਪ੍ਰਾਪਤ ਕੀਤੀ ਹੋਈ ਹੈ।

ਹਰ ਸਾਲ ਮਿਲਵਰਤਨ ਤੇ ਪਿਆਰ ਨਾਲ਼ ਟੂਰਨਾਮੈਂਟ ਦਾ ਆਯੋਜਨ ਕਰਨਾ ਵੀ ਬਹੁਤ ਵੱਡੀ ਗੱਲ ਹੈ।

ਮਾਹਿਲਪੁਰ ਵਿੱਚ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਵਲੋਂ ਸੰਨ 2008 ਵਿੱਚ 31ਵਾਂ ਸਬ-ਜੂਨੀਅਰ ਨੈਸ਼ਨਲ ਫੁੱਟਬਾਲ ਟੂਰਨਾਮੈਂਟ ਆਯੋਜਨ ਕਰਨਾਇਸ ਕਲੱਬ ਦੀ ਸੁਚੱਜੀ ਕਾਰਵਾਈ ਦੀ ਕੌਮੀ ਪੱਧਰ ਉੱਤੇ ਮਾਨਤਾ ਮਿਲਣ ਵਾਂਗ ਹੈ। ਇਸ ਟੂਰਨਾਮੈਂਟ ਦਾ ਆਯੋਜਨ ਇਹ ਵੀ ਦਰਸਾਉਂਦਾ ਹੈ ਕਿ ਇਸ ਕਲੱਬ ਕੋਲ਼ ਉੱਚ ਕੋਟੀ ਦਾ ਪ੍ਰਬੰਧਕੀ ਢਾਂਚਾ, ਗਰਾਊਂਡਾਂ, ਖੇਡ ਆਯੋਜਨ ਦਾ ਸਾਜ਼ੋ-ਸਮਾਨ ਉਪਲਬਧ ਹਨ। ਇਸ ਸਭ ਦਾ ਮਾਣ ਤੇ ਸ਼ਾਨ ਮਾਹਿਲਪੁਰ ਇਲਾਕੇ ਦੇ ਲੋਕਾਂ ਨੂੰ ਜਾਂਦਾ ਹੈ।

## ਕੁੱਝ ਹੋਰ ਸਬੰਧਤ ਜਾਣਕਾਰੀਆਂ

## ਮੁਣਸ਼ੀ ਫਤਹਿ ਸਿੰਘ ਜੀ

ਜਿਹੜੇ ਸੱਜਣ ਵਾਰ-ਵਾਰ ਯਾਦ ਆਉਂਦੇ ਹਨ ਮੁਣਸ਼ੀ ਫਤਹਿ ਸਿੰਘ ਉਨ੍ਹਾਂ ਵਿੱਚੋਂ ਹਨ। ਅੱਜ ਦੀ ਪੀੜ੍ਹੀ ਦੇ ਲੋਕਾਂ ਨੂੰ ਉਨ੍ਹਾਂ ਵਰਗੇ ਪੁਰਖਿਆਂ ਦੀ ਜੀਵਨ-ਸ਼ੈਲੀ ਬਹੁਤ ਕੁੱਝ ਸਮਝਾ ਸਿਖਾ ਸਕਦੀ ਹੈ। ਪ੍ਰਿੰਸੀਪਲ ਸਾਹਿਬ 'ਤੇ ਮੁਣਸ਼ੀ ਫਤਹਿ ਸਿੰਘ ਜੀ ਦੇ ਸਾਹਿਬਜ਼ਾਦੇ ਸ. ਬਾਬੂ ਸਿੰਘ ਡੀ.ਏ.ਵੀ. ਸਕੂਲ ਹੁਸ਼ਿਆਰਪੁਰ ਪੜ੍ਹਨ ਜਾਂਦੇ ਸਨ। ਆਵਾਜਾਈ ਦੇ ਸਾਧਨ ਨਹੀਂ ਸਨ। ਸੋ ਇਹ ਬਜ਼ੁਰਗ ਹਰ ਸੋਮਵਾਰ ਸਵੇਰੇ 4 ਵਜੇ ਦੋਨਾਂ ਬੱਚਿਆਂ ਨੂੰ ਲੈ ਕੇ ਸਫ਼ਰ ਸ਼ੁਰੂ ਕਰਦੇ ਸਨ। ਬੱਚਿਆਂ ਕੋਲ਼ ਇੱਕ ਹੱਥ ਵਿੱਚ ਬਸਤਾ ਤੇ ਦੂਜੇ ਹੱਥ ਵਿੱਚ ਘਿਉ ਦਾ ਕਮੰਡਲ ਹੁੰਦਾ ਸੀ। ਕਦੀ ਦੌੜਦੇ, ਕਦੀ ਤੇਜ਼ ਤੁਰਦੇ। ਇਸ ਤਰ੍ਹਾਂ ਚੱਬੇਵਾਲ਼ ਪਹੁੰਚ ਜਾਂਦੇ। ਉੱਥੋਂ ਮੁਣਸ਼ੀ ਸਾਹਿਬ ਹੋਰੀਂ ਵਾਪਸੀ ਸਫ਼ਰ ਸ਼ੁਰੂ ਕਰਦੇ ਕਿਉਂਕਿ ਉਨ੍ਹਾਂ ਨੇ ਵਾਪਿਸ ਆ ਕੇ ਸਕੂਲ ਡਿਊਟੀ 'ਤੇ ਜਾਣਾ ਹੁੰਦਾ ਸੀ। ਬੱਚੇ ਚੱਬੇਵਾਲ ਤੋਂ ਹਸ਼ਿਆਰਪੁਰ ਤੱਕ ਕੁਦਰਤ ਦੇ ਹਵਾਲੇ ਹੁੰਦੇ ਸਨ। ਬੱਚਿਆਂ ਦਾ ਰੱਬ ਰਾਖਾ। ਪਹੁੰਚ ਜਾਂਦੇ। ਸ਼ਨੀਵਾਰ ਘਰ ਪਹੁੰਚਣ ਦੀ ਤਾਂਘ ਹੁੰਦੀ। ਹੁਸ਼ਿਆਰਪੁਰ ਤੋਂ ਤੁਰਦੇ ਤੇ ਉਹ ਚੱਬੇਵਾਲ ਪਹੁੰਚਦੇ। ਅੱਗੇ ਮੁਣਸ਼ੀ ਫਤਹਿ ਸਿੰਘ ਜੀ ਉਨ੍ਹਾਂ ਨੂੰ ਉਡੀਕਦੇ ਹੁੰਦੇ। ਫਿਰ ਮਾਹਿਲਪੁਰ ਲਈ ਚਾਲੇ। ਇਹ ਕਮਾਈ ਧੰਨ ਸੀ।

ਮੁਣਸ਼ੀ ਫਤਹਿ ਸ਼ਿੰਘ ਜੀ ਦੇ ਪਰਿਵਾਰ ਦਾ ਸਕੂਲ ਤੇ ਕਾਲਜ ਲਈ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਦੇ ਸਾਹਿਬਜ਼ਾਦੇ ਸ. ਬਾਬੂ ਸਿੰਘ ਸਰਕਾਰੀ ਨੌਕਰੀ ਕਰਦੇ ਸਨ। ਪਰ ਉਹ ਪ੍ਰਿੰਸੀਪਲ ਸਾਹਿਬ ਦੇ ਪੱਕੇ ਸਾਥੀ ਸਨ। ਰਿਟਾਇਰ ਹੋਣ ਤੋਂ ਬਾਅਦ ਸ. ਬਾਬੂ ਸਿੰਘ ਕਾਲਜ ਵਿੱਚ ਲਾਇਬ੍ਰੇਰੀਅਨ ਲੱਗ ਗਏ। ਉਹ ਪ੍ਰਿੰਸੀਪਲ ਸਾਹਿਬ ਦੇ ਵੱਡੇ ਸਲਾਹਕਾਰ ਸਨ। ਉਨ੍ਹਾਂ ਨੂੰ ਅਕਸਰ ਇਕੱਠੇ ਦੇਖਿਆ ਜਾਂਦਾ ਸੀ। ਅੱਗੋਂ ਸ. ਬਾਬੂ ਸਿੰਘ ਜੀ ਦੇ ਦੋਨੋਂ ਸਾਹਿਬਜ਼ਾਦੇ ਸ. ਹਰਕਿਸ਼ਨ ਦਿਆਲ ਸਿੰਘ ਤੇ ਸ. ਹਰਬੰਸ ਸਿੰਘ ਬੈਂਸ ਐਂਜਨੀਅਰ-ਇੰਨ-ਚੀਫ ਬਹੁਤ ਸਾਲ ਕ੍ਰਮਵਾਰ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਪ੍ਰਧਾਨ ਰਹੇ। ਅੱਜ ਕੱਲ ਹਰਕਿਸ਼ਨ ਦਿਆਲ ਸਿੰਘ ਹੁਰਾਂ ਦਾ ਬੇਟਾ ਸ. ਅਮਰਜੀਤ ਸਿੰਘ ਬੈਂਸ ਪ੍ਰਿੰ. ਹਰਭਜਨ ਸਪੋਰਟਿੰਗ ਕਲੱਬ ਦੇ ਖਜ਼ਾਨਚੀ ਹਨ।

## ਮਾਹਿਲਪੁਰ ਦਾ ਜ਼ੈਲਦਾਰ ਪਰਿਵਾਰ

ਮਾਹਿਲਪੁਰ ਦੇ ਇੱਕ ਹੋਰ ਪਰਿਵਾਰ ਦਾ ਵੀ ਸਕੂਲ ਤੇ ਕਾਲਜ ਵਿੱਚ ਬਹੁਤਸਹਿਯੋਗ ਰਿਹਾ ਹੈ। ਇਸ ਜ਼ੈਲਦਾਰ ਪਰਿਵਾਰ ਦੇ ਸ. ਬਲਵੰਤ ਸਿੰਘ ਖਾਲਸਾ ਹਾਈ ਸਕੂਲ ਮਾਹਿਲਪੁਰ ਦੇ ਬਹੁਤ ਦੇਰ ਤੱਕ ਮੈਨੇਜਰ ਰਹੇ। ਉਨ੍ਹਾਂ ਵਲੋਂ ਕੀਤੀ ਕਮਾਲ ਇਹ ਹੈ ਕਿ ਉਨ੍ਹਾਂ ਨੇ ਪ੍ਰਿੰਸੀਪਲ ਸਾਹਿਬ ਦੀ ਪ੍ਰਤਿਭਾ ਨੂੰ ਪਹਿਚਾਣਿਆ ਅਤੇ ਆਪਣੀ ਜ਼ਿੰਮੇਵਾਰੀ ਉੱਤੇ ਪ੍ਰਿੰਸੀਪਲ ਸਾਹਿਬ ਨੂੰ ਲੈ ਕੇ ਆਏ। ਉਨ੍ਹਾਂ ਪ੍ਰਿੰਸੀਪਲ ਸਾਹਿਬ ਦੀ ਭਾਵਨਾ ਨੂੰ ਸਮਝਦਿਆਂ ਪ੍ਰਿੰਸੀਪਲ ਸਾਹਿਬ ਵਲੋਂ ਰੱਖੀਆਂ ਮੰਗਾਂ ਨੂੰ ਪੂਰਾ ਕੀਤਾ ਤੇ ਸਿਰੇ ਚੜ੍ਹਾਇਆ। ਉਨ੍ਹਾਂ ਇੱਕ ਠਰੰਮੇ ਵਾਲੇ, ਸੂਝਵਾਨ ਪ੍ਰਬੰਧਕ ਵਜੋਂ ਆਪਣੇ ਫਰਜ਼ ਨਿਭਾਏ। ਉਨ੍ਹਾਂ ਨੇ ਪ੍ਰਿੰਸੀਪਲ ਸਾਹਿਬ ਨੂੰ ਉਨ੍ਹਾਂ ਦੇ ਕੰਮ ਵਿੱਚ ਪੂਰਨ ਸਵਤੰਤਰਤਾ ਦਿੱਤੀ ਜਿਸਦੇ ਨਤੀਜੇ ਬਹੁਤ ਚੰਗੇ ਨਿਕਲੇ। ਕੋਈ ਵੱਡੀ ਅਕਲ ਤੇ ਫਿਰਾਖ਼ਦਿਲ ਬੰਦਾ ਹੀ ਇਹੋ ਜਿਹਾ ਜ਼ਬਤ ਆਪਣੇ ਆਪ 'ਤੇ ਰੱਖ ਸਕਦਾ ਹੈ। ਅੱਜ ਦੇ ਪ੍ਰਬੰਧਕਾਂ ਨੂੰ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਣ ਦੀ ਹਿੰਮਤ ਕਰਨੀ ਚਾਹੀਦੀ ਹੈ। ਉਨ੍ਹਾਂ ਦੇ ਹੀ ਪਰਿਵਾਰ ਵਿੱਚੋਂ ਜ਼ੈਲਦਾਰ ਲੈਫਟੀਨੈਂਟ ਮਨੋਹਰ ਸਿੰਘ ਵੀ ਇੱਕ ਸਿਆਣੇ ਤੇ ਦੂਰਦਰਸ਼ੀ ਇਨਸਾਨ ਸਨ। ਉਨ੍ਹਾਂ ਨੇ ਸਕੂਲ ਵਿੱਚ ਵੀ ਸੇਵਾ ਕੀਤੀ ਤੇ ਕਾਲਜ ਦੇ ਵਿੱਚ ਪ੍ਰਿੰਸੀਪਲ ਹਰਭਜਨ ਸਿੰਘ ਜੀ ਦੇ ਸੇਵਾ ਕਾਲ ਜਿੰਨੇ ਸਮੇਂ ਲਈ ਮੈਨੇਜਰ ਰਹੇ। ਉਨ੍ਹਾਂ ਦੇ ਸੇਵਾ ਕਾਲ ਸਮੇਂ ਦੀਆਂ ਕਾਲਜ ਦੀਆਂ ਪ੍ਰਾਪਤੀਆਂ ਹੈਰਾਨ ਕਰਨ ਵਾਲੀਆਂ ਹਨ। ਸ. ਬਲਵੰਤ ਸਿੰਘ ਦੇ ਬੇਟੇ ਸ. ਗੁਲਬਰਗ ਸਿੰਘ ਖਾਲਸਾ ਸਕੂਲ ਦੇ ਵਿਦਿਆਰਥੀ ਰਹੇ ਤੇ ਉੱਘੇ ਫੁੱਟਬਾਲ ਪਲੇਅਰ ਵੀ ਰਹੇ। ਉਨ੍ਹਾਂ ਨੇ ਕਾਲਜ ਦੀ ਪ੍ਰਬੰਧਕੀ ਕਮੇਟੀ ਵਿੱਚ ਬਹੁਤ ਸਾਲ ਬਤੌਰ ਮੈਨੇਜਰ ਦੀ ਸੇਵਾ ਨਿਭਾਈ। ਸ. ਗੁਲਬਰਗ ਸਿੰਘ ਹੁਰਾਂ ਦੇ ਸਾਹਿਬਜ਼ਾਦੇ ਵਿੰਗ ਕਮਾਂਡਰ ਸ਼ਵਿੰਦਰ ਸਿੰਘ ਤੇ ਮਿਲਟਰੀ ਅਫਸਰ ਜਸਵਿੰਦਰ ਸਿੰਘ ਨੇ ਵੀ ਕਾਲਜ ਦਾ ਨਾਂ ਰੌਸ਼ਨ ਕੀਤਾ।

ਇਸੇ ਤਰ੍ਹਾਂ ਸ. ਬਲਵੰਤ ਸਿੰਘ ਹੋਰਾਂ ਦੇ ਪੋਤਰੇ ਸ. ਹਰਚਰਨ ਸਿੰਘ ਬੈਂਸ ਪੰਜਾਬ ਦੇ ਮੁੱਖ-ਮੰਤਰੀ ਦੇ ਕਈ ਵਾਰ ਮੀਡੀਆ/ਰਾਜਸੀ ਸਲਾਹਕਾਰ ਰਹਿ ਚੁੱਕੇ ਹਨ। ਉਹ ਬਹੁਤ ਤੀਖਣ ਬੁੱਧੀ ਦਾ ਮਾਲਕ ਹੈ। ਉਹ ਪੰਜਾਬ ਦੀ ਨਬਜ਼ ਮਹਿਸੂਸ ਕਰ ਸਕਦਾ ਹੈ ਤੇ ਬਹੁਤ ਦੇਰ ਤੋਂ

ਪੰਜਾਬ ਸਰਕਾਰ ਦੀਆਂ ਗੁੱਥੀਆਂ ਸੁਲਝਾਉਦਾ ਰਿਹਾ ਹੈ ਤੇ ਹੁਣ ਵੀ ਸਰਗਰਮ ਹੈ। ਉਸ ਨੂੰ ਜਦ ਵੀ ਵਿਹਲ ਮਿਲ਼ੇ ਉਹ ਪ੍ਰਿੰਸੀਪਲ ਹਰਭਜਨ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਦੀ ਰੌਣਕ ਵਧਾਉਣ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ।

ਡਾ. ਚੰਨਣ ਸਿੰਘ ਜੀ ਪ੍ਰਿੰਸੀਪਲ ਸਾਹਿਬ ਦੇ ਬਹੁਤ ਨਜ਼ਦੀਕ ਰਹੇ। ਪ੍ਰਿੰਸੀਪਲ ਸਾਹਿਬ ਤੋਂ ਬਾਅਦ ਉਹ ਬਹੁਤ ਦੇਰ ਕਾਲਜ ਦੇ ਸੀਨੀਅਰ-ਵਾਈਸ-ਪ੍ਰੈਜ਼ੀਡੈਂਟ ਰਹੇ। ਉਹ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਉਮਰ ਭਰ ਖਜ਼ਾਨਚੀ ਰਹੇ ਤੇ ਟੂਰਨਾਮੈਂਟ ਦੀ ਸਫ਼ਲਤਾ ਵਿੱਚ ਉਨ੍ਹਾਂ ਦਾ ਵੱਡਾ ਹਿੱਸਾ ਹੈ।

ਮਾ. ਚੈਂਚਲ ਸਿੰਘ ਜੀ ਪ੍ਰਿੰਸੀਪਲ ਸਾਹਿਬ ਦੇ ਨਜ਼ਦੀਕੀਆਂ ਵਿੱਚੋਂ ਸਨ। ਉਹ ਖਾਲਸਾ ਸਕੂਲ ਵਿੱਚ ਟੀਚਰ ਸਨ। ਉਹ ਪ੍ਰਿੰ.ਹਰਭਜਨ ਸਿੰਘ ਜੀ ਦੇ ਅੰਗ-ਸੰਗ ਰਹਿੰਦੇ ਸਨ ਅਤੇ ਉਨ੍ਹਾਂ ਦੀ ਆਨ-ਸ਼ਾਨ ਦੇ ਰਾਖੇ ਸਨ। ਉਹ ਭੱਠੇਦਾਰ ਸਨ। ਉਨ੍ਹਾਂ ਦਾ ਭੱਠਾ ਕਾਲਜ ਦੇ ਨਜ਼ਦੀਕ ਸੀ। ਜਦੋਂ ਇੱਟ ਦੀ ਲੋੜ ਹੁੰਦੀ, ਪਹੁੰਚ ਜਾਂਦੀ। ਇੱਟਾਂ ਦੀ ਕੀਤੀ ਮੱਦਦ ਬਹੁਤ ਵੱਡਮੁੱਲੀ ਸੀ।ਸ.ਦਯਾ ਸਿੰਘ ਲੰਗੇਰੀ ਵੀ ਕਾਲਜ ਦੇ ਮੈਨੇਜਰ ਰਹੇ।

ਕਾਲਜ ਦਾ ਹਾਲ ਕਾਫੀ ਵੱਡਾ ਹੈ। ਇਸਦੀ ਸੇਵਾ ਪਾਲਦੀ ਪਿੰਡ ਦੇ ਮਸ਼ਹੂਰ ਪ੍ਰਵਾਸੀ ਸ. ਮਈਆ ਸਿੰਘ ਕਨੇਡੀਅਨ ਨੇ ਕਰਵਾਈ ਹੈ। ਇਸ ਹਾਲ ਦਾ ਨੀਂਹ ਪੱਥਰ ਪ੍ਰਿੰਸੀਪਲ ਸਾਹਿਬ ਦੇ ਇੱਕ ਸ਼ਗਿਰਦ ਸ. ਬਲਦੇਵ ਸਿੰਘ ਰੱਖਿਆ ਮੰਤਰੀ ਭਾਰਤ ਸਰਕਾਰ ਨੇ ਰੱਖਿਆ।

ਪਿਰਥੀਪਾਲ ਸਿੰਘ ਬੈਂਸ ਪ੍ਰਧਾਨ ਨਗਰ ਪੰਚਾਇਤ ਮਾਹਿਲਪੁਰ, ਕਰਨਲ ਸੁਰਿੰਦਰ ਸਿੰਘ ਬੈਂਸ ਤੇ ਵਿੰਗ ਕਮਾਂਡਰ ਸ. ਹਰਦੇਵ ਸਿੰਘ ਢਿੱਲੋਂ ਵੀ ਟੂਰਨਾਮੈਂਟ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੇ ਹਨ।

## ਕੁੱਝ ਆਮ ਲੋਕਾਂ ਬਾਰੇ

ਇਹ ਜਾਣ ਕੇ ਹੋਰ ਵੀ ਖੁਸ਼ੀ ਹੋਵੇਗੀ ਕਿ ਆਮ ਲੋਕ ਕਿਸ ਤਰ੍ਹਾਂ ਕਾਲਜ ਤੇ ਫੁੱਟਬਾਲ ਨਾਲ ਜੁੜੇ ਹੋਏ ਸਨ। ਕਾਲਜ ਪੱਧਰ ਦੇ ਫੁੱਟਬਾਲ ਮੁਕਾਬਲੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਹੁੰਦੇ ਸਨ। ਕਾਲਜ ਦੇ ਕਈ ਗੁਆਂਢੀ ਦੁਕਾਨਦਾਰ ਇਹ ਮੈਚ ਚੰਡੀਗੜ੍ਹ ਦੇਖਣ ਜਾਂਦੇ ਸਨ। ਇੱਕ ਸਤਿਕਾਰਯੋਗ ਹਰੀ ਓਮ ਹਲਵਾਈ ਨਾਜ਼ਕ ਤਬੀਅਤ ਦਾ ਬੰਦਾ ਸੀ ਤੇ ਕਦੀ ਉਹ ਫੁੱਟਬਾਲ ਦਾ ਖਿਡਾਰੀ ਵੀ ਹੁੰਦਾ ਸੀ। ਇੱਕ ਵਾਰ ਉਹ ਚੰਡੀਗੜ੍ਹ ਕਾਲਜ ਦਾ ਫਾਈਨਲ ਫੁੱਟਬਾਲ ਮੈਚ ਦੇਖ ਰਿਹਾ ਸੀ। ਸੰਭਾਵਨਾ ਦੇ ਉਲਟ ਮਾਹਿਲਪੁਰ ਕਾਲਜ ਸਿਰ ਪਹਿਲੇ ਕੁੱਝ ਮਿੰਟਾਂ ਵਿੱਚ ਹੀ ਗੋਲ ਹੋ ਗਿਆ। ਸਭ ਤੋਂ ਵੱਧ ਦੁੱਖ ਹਰੀ ਓਮ ਨੂੰ ਹੋਇਆ। ਫੁੱਟਬਾਲ ਟੀਮ ਦੇ ਇੰਚਾਰਜ ਪ੍ਰੋ. ਸੁਰਜੀਤ ਹਾਂਸ ਹੋਰੀਂ ਹਰੀ ਓਮ ਨੂੰ ਪੁੱਛ ਬੈਠੇ, "ਹਰੀ ਓਮ ਜੀ ਹੁਣ ਕਿਵੇਂ?" ਹਰੀ ਓਮ ਜੀ ਬੋਲੇ, ਜੀ ਮੇਰਾ ਤਾਂ ਲੱਕ ਟੁੱਟ ਗਿਆ।" ਥੋੜ੍ਹੀ ਦੇਰ ਬਾਅਦ ਗੋਲ ਉੱਤਰ ਗਿਆ।

ਪ੍ਰੋ. ਸਾਹਿਬ ਫਿਰ ਹਰੀ ਓਮ ਕੋਲ਼ ਪਹੁੰਚੇ ਤੇ ਕਹਿਣ ਲੱਗੇ, "ਕਿੱਦਾਂ ਹਰੀ ਓਮ ਜੀ ਲੱਕ ਜੁੜਿਆ?"

ਹਰੀ ਓਮ ਜੀ ਬੋਲੇ, " ਜੁੜ ਤਾਂ ਗਿਆ ਪਰ ਚੀਸ ਨਹੀਂ ਜਾਣੀ।" ਇਸ ਦਾ ਮਤਲਬ ਇਹ ਕਿ ਇਹ ਕਦੀ ਵੀ ਭੁਲਾਇਆ ਨਹੀਂ ਜਾਣਾ ਕਿ ਮਾਹਿਲਪੁਰ ਕਾਲਜ ਸਿਰ ਗੋਲ ਹੋ ਗਿਆ ਸੀ।

ਜੋਗਿੰਦਰ ਹਲਵਾਈ ਦੀ ਦੁਕਾਨ ਕਾਲਜ ਦੇ ਖਿਡਾਰੀਆਂ ਦਾ ਪੱਕਾ ਅੱਡਾ ਹੁੰਦੀ ਸੀ। ਪ੍ਰੈਕਟਿਸ ਕਰਕੇ ਉਹ ਸਿੱਧੇ ਇਸ ਦੁਕਾਨ 'ਤੇ ਆਉਂਦੇ, ਉੱਥੇ ਜੋ ਬਣਿਆ ਹੁੰਦਾ ਜਾਂ ਬਣ ਰਿਹਾ ਹੁੰਦਾ, ਮਰਜ਼ੀ ਨਾਲ਼ ਖਾਣਾ ਸ਼ੁਰੂ ਕਰ ਦਿੰਦੇ ਤੇ ਕੋਈ ਹਿਸਾਬ ਕਿਤਾਬ ਨਾ ਰੱਖਿਆ ਜਾਂਦਾ। ਜੋਗਿੰਦਰ ਅਨਪੜ੍ਹ ਸੀ। ਉਸ ਲਈ ਵੀ ਠੀਕ। ਮਹੀਨੇ ਬਾਅਦ ਬਿੱਲ ਤਾਰੇ ਜਾਂਦੇ। ਜੋਗਿੰਦਰ 'ਕੱਲੇ-'ਕੱਲੇ ਖਿਡਾਰੀ ਵੱਲ ਦੇਖਦਾ, ਫਿਰ ਅੱਖਾਂ ਮੀਚਦਾ ਤੇ ਅੰਦਾਜ਼ਾ ਲਗਾ ਕੇ ਪੈਸੇ ਮੰਗਦਾ। ਬਿਨਾਂ ਕਿਸੇ ਨੋਕ-ਝੋਕ ਤੋਂ ਅਦਾਇਗੀ ਹੁੰਦੀ ਰਹਿੰਦੀ। ਪਲੇਅਰ ਖਾਂਦੇ-ਪੀਂਦੇ ਰਹਿੰਦੇ ਤੇ ਜੋਗਿੰਦਰ ਦੀ ਦੁਕਾਨ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰਦੀ ਰਹਿੰਦੀ। ਬਹੁਤ ਸਾਰੇ ਪੁਰਾਣੇ ਖਿਡਾਰੀ ਅੱਜ ਵੀ ਜੋਗਿੰਦਰ ਦੀ ਦੁਕਾਨ ਉੱਤੇ ਬੜੇ ਮਾਣ ਨਾਲ਼ ਜੋਗਿੰਦਰ ਦਾ ਉਧਾਰ ਦੇਣ ਜਾਂਦੇ ਹਨ।

ਪੰਡਿਤ ਕਸ਼ਮੀਰੀ ਹਲਵਾਈ ਸਕੂਲ ਤੇ ਕਾਲਜ ਦੀਆਂ ਟੀਮਾਂ ਨੂੰ ਦੁੱਧ ਪਲਾਉਂਦਾ ਹੁੰਦਾ ਸੀ। ਦੁੱਧ ਦੇ ਭਰੇ ਹੋਏ ਗਲਾਸਾਂ ਉੱਤੇ ਮਲ਼ਾਈ ਦੇ ਟੋਟਿਆਂ ਨੂੰ ਅੱਜ ਵੀ ਖਿਡਾਰੀ ਯਾਦ ਕਰਦੇ ਹਨ।

## ਸ਼ਰਧਾ
## ਕੁੱਝ ਸਾਲਾਂ ਬਾਅਦ

ਇੱਕ ਵਾਰ ਇੱਕ ਤੁਰਿਆ ਜਾਂਦਾ ਬਜ਼ੁਰਗ ਆਲਾ-ਦੁਆਲਾ ਦੇਖ ਕੇ ਪੁੱਛਣ ਲੱਗਾ, "ਇੱਥੇ ਪ੍ਰਿੰਸੀਪਲ ਸਾਹਿਬ ਦਾ ਘਰ ਹੁੰਦਾ ਸੀ।" ਉਸ ਨੂੰ ਕਿਹਾ ਗਿਆ,"ਇਹ ਹੈ ਉਨ੍ਹਾਂ ਦਾ ਘਰ।" ਬਜ਼ੁਰਗ ਗੇਟ ਨੂੰ ਨਤਮਸਤਕ ਹੋ ਕੇ ਆਪਣੇ ਰਾਹੇ ਪੈ ਗਿਆ। ਜ਼ਰੂਰ ਕੋਈ ਉਨ੍ਹਾਂ ਦਾ ਵਿਦਿਆਰਥੀ ਹੋਏਗਾ।

## ਪ੍ਰਿੰਸੀਪਲ ਸਾਹਿਬ ਜੀ ਦਾ ਘਰ

ਪ੍ਰਿੰਸੀਪਲ ਸਾਹਿਬ ਜੀ ਦਾ ਘਰ ਪੁਰਾਣੇ ਸਮਿਆਂ ਵਿੱਚਲੇ ਘਰਾਂ ਦੀ ਹੂ-ਬ-ਹੂ ਤਸਵੀਰ ਸੀ। ਘਰ ਨੂੰ ਕੋਈ ਸਿੱਧਾ ਰਸਤਾ ਨਹੀਂ ਸੀ। ਪੁਰਾਣਾ ਹੋਣ ਕਾਰਨ ਡਿਗੂੰ-ਡਿਗੂੰ ਕਰਦਾ ਸੀ। ਉਨ੍ਹਾਂ ਦੀ ਭੈਣ ਜੀ ਦਾ ਦੋਹਤਾ ਹਰਦੇਵ ਸਿੰਘ ਢਿੱਲੋਂ (ਅੱਜ ਕੱਲ ਰਿਟਾਇਰਡ ਵਿੰਗ ਕਮਾਂਡਰ) ਹੋਰ ਕਈ ਰਿਸ਼ਤੇਦਾਰਾਂ ਵਾਂਗ ਪ੍ਰਿੰਸੀਪਲ ਸਾਹਿਬ ਪਾਸ ਰਹਿ ਕੇ ਪੜ੍ਹਿਆ ਸੀ। ਉਸਨੇ ਸਭ ਕੁੱਝ ਠੀਕ ਕਰਨ ਦਾ ਉਪਰਾਲਾ ਕੀਤਾ। ਘਰ ਨੂੰ ਮੁਰੰਮਤ ਇਸ ਤਰੀਕੇ ਨਾਲ਼ ਕਰਵਾਈ ਕਿ ਘਰ ਦਾ ਇਤਿਹਾਸ ਬਚਿਆ ਰਹੇ। ਹੁਣ ਇਹ ਮਕਾਨ 50 ਤੋਂ 100 ਸਾਲ ਲਈ ਸੁਰੱਖਿਅਤ ਹੋ ਗਿਆ ਹੈ।

## ਇੱਕ ਵੱਡਾ ਦੁੱਖ

ਜਦੋਂ ਮਾਪਿਆਂ ਨੂੰ ਕਿਸੇ ਬੱਚੇ ਨੂੰ ਆਖਰੀ ਵਾਰ ਘਰੋਂ ਤੋਰਨਾ ਪਵੇ ਤਾਂ ਗਮਾਂ ਦੇ ਪਹਾੜ ਟੁੱਟ ਪੈਂਦੇ ਹਨ। ਪ੍ਰਿੰਸੀਪਲ ਸਾਹਿਬ ਦੇ ਤੁਰ ਜਾਣ ਸਮੇਂ ਮਾਤਾ ਕਿਸ਼ਨ ਕੌਰ ਜੀ ਨਾਲ਼ ਇਹੋ

ਕੁੱਝ ਵਾਪਰਿਆ। ਉਨ੍ਹਾਂ ਨੂੰ ਪੁੱਤਰ ਦੇ ਸਾਥ ਤੋਂ ਬਿਨਾਂ ਕੁੱਝ ਸਾਲ ਜੀਣਾ ਪਿਆ।

ਨੋਟ:- ਜੋ ਕੁੱਝ ਅੱਗੇ ਲਿਖਿਆ ਜਾ ਰਿਹਾ ਹੈ, ਉਹ ਵੀ ਕਿਸੇ ਨਾ ਕਿਸੇ ਤਰ੍ਹਾਂ ਪ੍ਰਿੰਸੀਪਲ ਸਾਹਿਬ ਜੀ ਦੀ ਸ਼ਖਸੀਅਤ ਨਾਲ਼ ਸਬੰਧਤ ਹੈ। ਪੜ੍ਹਾਈ, ਫੁੱਟਬਾਲ ਤੇ ਸੱਭਿਆਚਾਰ ਦੀਆਂ ਗੱਲਾਂ ਉਨ੍ਹਾਂ ਨਾਲ਼ ਜੁੜੀਆਂ ਹੋਈਆਂ ਹਨ। ਨਾਮੀ ਖਿਡਾਰੀਆਂ ਦੇ ਨਾਂ ਜੋ ਮਾਹਿਲਪੁਰ ਦੇ ਇਲਾਕੇ ਦੇ ਲੋਕਾਂ ਦੇ ਮੂੰਹ ਚੜ੍ਹੇ ਹੋਏ ਹਨ:-

## ਪਹਿਲੀ ਪੀੜ੍ਹੀ ਦੇ ਪਲੇਅਰ

ਮੂਲ ਸਿੰਘ ਸਮਰਾ, ਜਾਗਰ ਸਿੰਘ ਬੈਂਸ, ਮੱਖਣ ਸਿੰਘ, ਚਰਨ ਸਿੰਘ ਬੰਬੇਲੀ, ਤਾਰਾ ਸਿੰਘ ਮੁੱਖੋਮਜ਼ਾਰਾ, ਸਤਵੰਤ ਸਿੰਘ ਬੈਂਸ, ਤੌਰਾ ਈਸਪੁਰ, ਕੇਵਲ ਸਿੰਘ ਮਾਲੀ, ਦੇਵਿੰਦਰ ਸਿੰਘ ਮੰਜਕੀ, ਜਗਤਾਰ ਬੈਂਸ, ਬਲਕਾਰ ਸਿੰਘ ਨੰਗਲ ਕਲਾਂ, ਰਘਬੀਰ ਸਿੰਘ ਗਿੱਲ, ਦਲਬੀਰ ਸਿੰਘ ਨਿਹੰਗ, ਕਰਨੈਲ ਸਿੰਘ ਟੋਡਰਪੁਰ, ਮਹਿੰਦਰ ਸਿੰਘ ਬੱਡੋਂ, ਪਿਆਰਾ ਸਿੰਘ ਕਾਂ, ਬਲਬੀਰ ਸਿੰਘ ਭਾਰਟਾ, ਗੁਰਦਿਆਲ ਸਿੰਘ ਲੰਗੇਰੀ, ਡਾ. ਹਰਭਜਨ ਸਿੰਘ ਗਿੱਲ (ਅੱਜ ਕੱਲ ਇੰਟਰ-ਨੈਸ਼ਨਲ ਫੁੱਟਬਾਲ ਰੈਫਰੀ), ਦਵਿੰਦਰ ਸਿੰਘ- ਛੋਟਾ ਤੇ ਵੱਡਾ, ਨਾਜ਼ਰ ਸਿੰਘ ਸਕਰੂਲੀ, ਜੋਗਿੰਦਰ ਸਿੰਘ ਸਕਰੂਲੀ, ਮੀਤ ਤੇ ਜੀਤ ਦੋਨੋਂ ਸਕੇ ਭਰਾ (ਗੁਰਮੀਤ ਸਿੰਘ-ਸੁਰਜੀਤ ਸਿੰਘ) ਆਦਿ।

## ਦੂਜੀ ਪੀੜ੍ਹੀ ਦੇ ਪਲੇਅਰ

ਕੇਸ਼ੋ ਕ੍ਰਿਪਾਲ ਸਿੰਘ, ਮੋਹਨ ਸਿੰਘ ਸੰਘਾ, ਅਜੀਤ ਨੰਗਲ ਕਲਾਂ, ਦਵਿੰਦਰ ਗੜ੍ਹਾ, ਤਰਸੇਮ ਸਿੰਘ ਪਾਹਿਲ, ਸੁਖਦੇਵ ਸਿੰਘ ਨੰਗਲ ਕਲਾਂ, ਚੈਨ ਸਿੰਘ ਸਰਹਾਲਾਂ ਕਲਾਂ, ਜੀ. ਐੱਸ. ਪਰਮਾਰ, ਰਵਿੰਦਰ ਰਾਊ, ਕੁਲਤਾਰ ਸਿੰਘ,ਹਰਨੰਦਨ ਸਿੰਘ ਖਾਬੜਾ, ਜਗਮੋਹਨ ਸਿੰਘ ਪੁੱਤਰ ਸ. ਜਰਨੈਲ ਸਿੰਘ, ਯਸ਼ਪਾਲ ਜੱਸੀ, ਸੰਦੀਪ ਸੈਣੀ, ਸੁਖਵਿੰਦਰ ਸਿੰਘ ਸੰਘਾ, ਮਨਪ੍ਰੀਤ ਸਿੰਘ ਮੰਨਾ, ਹਰਬਲਰਾਜ ਸੰਘਾ, ਹਰਦੀਪ ਸਿੰਘ ਸੰਘਾ, ਸੁਖਬੀਰ ਸਿੰਘ ਸੰਘਾ, ਸੁਰਿੰਦਰ ਸਿੰਘ ਸੰਘਾ,ਮਨਜਿੰਦਰ ਸਿੰਘ ਤੇ ਰਾਜ ਕੁਮਾਰ ਭੋਲਾ ਪੁੱਤਰਾਨ ਰਾਮ ਕਿਸ਼ਨ ਬਿੱਲਾ, ਜੀਤ ਸਿੰਘ ਕਹਾਰਪੁਰ, ਜੁਝਾਰ ਸਿੰਗ, ਆਸਿਮ ਹਸਨ ਆਦਿ।

ਮਨਮੀਤ ਬੈਂਸ ਬਾਹੋਵਾਲ ਕਾਲਜ ਦਾ ਨਾਮੀ ਫੁੱਟਬਾਲਰ ਹੈ। ਉਸ ਨੇ ਕਾਲਜ ਦੀ ਟੀਮ ਦੀ ਕਪਤਾਨੀ ਕੀਤੀ ਤੇ ਫਿਰ ਪੰਜਾਬ ਯੂਨੀਵਰਸਿਟੀ ਦੀ ਟੀਮ ਦਾ ਕਪਤਾਨ ਬਣਿਆ। ਉਸ ਦੀ ਕਮਾਨ ਹੇਠ 1976 ਵਿੱਚ ਪੰਜਾਬ ਯੂਨੀਵਰਸਿਟੀ ਨੇ ਅੰਤਰ-ਯੂਨੀਵਰਸਿਟੀ ਮੁਕਾਬਲੇ ਵਿੱਚ ਚੈਂਪੀਅਨਸ਼ਿੱਪ ਜਿੱਤੀ।ਉਹ ਵਿਦੇਸ਼ ਜਾ ਕੇ ਵੀ ਫੁੱਟਬਾਲ ਖੇਡਦਾ ਰਿਹਾ ਤੇ ਉਹ "ਫੁੱਟਬਾਲ ਦੇ ਸ਼ਹਿਨਸ਼ਾਹ" ਪਿੱਲੇ ਦੇ ਬਹੁਤ ਨਜ਼ਦੀਕ ਸੀ।

ਕੁਲਵੰਤ ਸਿੰਘ ਸੰਘਾ (ਵਰਤਮਾਨ ਪ੍ਰਧਾਨ-ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ) ਸਕੂਲ ਤੇ ਕਾਲਜ ਵਿੱਚ ਖੱਬੂ ਤੇਜ਼ ਤਰਾਰ (ਸ਼ਾਰਪ ਸ਼ੂਟਰ) ਵਜੋਂ ਜਾਣਿਆ ਜਾਂਦਾ ਸੀ।

ਇਸ ਤਰ੍ਹਾਂ ਸੁਰਗਵਾਸੀ ਚੰਦਰ ਸ਼ੇਖਰ ਲੰਗੇਰੀ ਫੁੱਬਾਲ ਦਾ ਹੋਣਹਾਰ ਖਿਡਾਰੀ ਸੀ। ਉਸ



ਨੇ ਏਸ਼ੀਅਨ ਸਕੂਲਾਂ ਦੇ ਮੁਕਾਬਲੇ ਵਿੱਚ ਭਾਗ ਲਿਆ।

ਹਰਦੀਪ ਸਿੰਘ ਸੰਘਾ ਵੀ ਮਾਹਿਲਪੁਰ ਗਰਾਊਂਡਾਂ ਦੀ ਦੇਣ ਹੈ।ਉਹ ਫੁੱਟਬਾਲ ਦੇ ਵੱਡੇ-2 ਕਲੱਬਾਂ ਵਿੱਚ ਖੇਡਿਆ ਤੇ ਸਕੂਲ ਸਮੇਂ ਤੋਂ ਨੈਸ਼ਨਲ ਟੀਮ ਦਾ ਮੈਂਬਰ ਰਿਹਾ।

ਬਲਵੰਤ ਸਿੰਘ ਰਹੱਲੀ ਨੇ ਕਾਲਜ ਦਾ ਨਾਂ ਰੌਸ਼ਨ ਕੀਤਾ। ਉਹ ਯੂਨੀਵਰਸਿਟੀ, ਨੈਸ਼ਨਲ ਟੀਮ ਤੇ ਦੇਸ਼ ਦੇ ਵੱਡੇ-ਵੱਡੇ ਕਲੱਬਾਂ ਵਿੱਚ ਖੇਡਿਆ। ਸੁਪਰਲੀਗ ਵਿੱਚ ਉਹ ਦਰਸ਼ਕਾਂ ਦਾ ਚਹੇਤਾ ਫੁੱਟਬਾਲਰ ਸੀ।

## ਫੁੱਟਬਾਲ ਅਕੈਡਮੀ ਮਾਹਿਲਪੁਰ

ਖੇਡ ਡਾਇਰੈਕਟਰ ਸ. ਮਿਲਖਾ ਸਿੰਘ ਮਾਹਿਲਪੁਰ ਦੀ ਫੁੱਟਬਾਲ ਖੇਡ ਪ੍ਰਾਪਤੀ ਤੋਂ ਜਾਣੂ ਸੀ ਤੇ ਉਹ ਹਰ ਖੇਡ ਦੀ ਤਰੱਕੀ ਲਈ ਉਤਸੁਕ ਸਨ। ਮਾਹਿਲਪੁਰ ਨੂੰ ਉਨ੍ਹਾਂ ਨੇ ਫੁੱਟਬਾਲ ਦਾ ਕੇਂਦਰ ਸਥਾਪਿਤ ਕਰਨ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਵਿੱਚ ਫੁੱਟਬਾਲ ਅਕੈਡਮੀ ਬਣਾਉਣ ਦਾ ਬੀੜਾ ਚੁੱਕਿਆ। ਅਕਤੂਬਰ 1974 ਵਿੱਚ ਅਕੈਡਮੀ ਸਥਾਪਿਤ ਕਰਨ ਦਾ ਐਲਾਨ ਹੋਇਆ।

ਇਸ ਅਕੈਡਮੀ ਨੂੰ ਸਫ਼ਲ ਬਣਾਉਣ ਵਿੱਚ ਪ੍ਰਿੰਸੀਪਲ ਹਰਕਿਸ਼ਨਦਿਆਲ ਸਿੰਘ ਬੈਂਸ ਹੁਰਾਂ ਦਾ ਨਾਂ ਜ਼ਿਕਕਰਯੋਗ ਹੈ। ਉਨ੍ਹਾਂ ਦੇ ਪਿੱਛੋਂ ਪ੍ਰਿੰਸੀਪਲ ਗੁਰਮੀਤ ਸਿੰਘ, ਪ੍ਰਿੰਸੀਪਲ ਜਗਤਾਰ ਸਿੰਘ ਮਿਨਹਾਸ, ਪ੍ਰਿੰਸੀਪਲ ਬਾਲ ਕਿਸ਼ਨ ਬਾਲੀ ਤੇ ਪ੍ਰਿੰਸੀਪਲ ਮਹਿੰਦਰ ਕੁਮਾਰ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਸਮੇਂ ਪਿੰਸੀਪਲ ਸੀਮਾ ਬੁੱਧੀਰਾਜਾ ਇਸ ਦੀ ਪ੍ਰਫੁੱਲਤਾ ਲਈ ਪੂਰਨ ਸਰਗਰਮ ਹਨ।

ਜਨਾਬ ਅਲੀ ਹਸਨ ਹੋਰੀਂ ਅਪਰੈਲ 1975 ਇਸ ਅਕੈਡਮੀ ਦੇ ਕੋਚ ਨਿਯੁਕਤ ਕੀਤੇ ਗਏ। ਅਕੈਡਮੀ ਵਿੱਚ ਨਿਭਾਈ ਗਈ ਭੂਮਿਕਾ ਹਰ ਪਾਸਿਓਂ ਸਲਾਹੀ ਗਈ। ਇਸੇ ਕਰਕੇ ਉਨ੍ਹਾਂ ਦੀ ਇੱਕ ਤਰ੍ਹਾਂ ਨਾਲ਼ ਅਕੈਡਮੀ ਵਿੱਚ ਨਿਯੁਕਤੀ ਸਥਾਈ ਹੋ ਨਿੱਬੜੀ। ਉਹ ਅਕਤੂਬਰ 2010 ਵਿੱਚ ਇੱਥੋਂ ਸੇਵਾ ਮੁਕਤ ਹੋਏ। ਉਨ੍ਹਾਂ ਦੀ ਦੇਖ-ਰੇਖ ਹੇਠ ਇਸ ਅਕੈਡਮੀ ਨੇ ਨੈਸ਼ਨਲ ਸਕੂਲ ਗੇਮਾਂ ਵਿੱਚ ਭਾਗ ਲਿਆ ਤੇ ਅਨੇਕਾਂ ਵਾਰ ਜੇਤੂ ਰਹੇ। ਇਸ ਅਕੈਡਮੀ ਦੇ ਲਗਭਗ ਤੀਹ ਖਿਡਾਰੀਆਂ ਨੇ ਏਸ਼ੀਅਨ ਸਕੂਲ ਫੁੱਟਬਾਲ ਚੈਂਪੀਅਨਸ਼ਿਪ ਵਿੱਚ ਭਾਗ ਲਿਆ।

ਇਸ ਅਕੈਡਮੀ ਵਿੱਚੋਂ ਸਿੱਖਿਅਤ ਹੋ ਕੇ 100 ਤੋਂ ਵੱਧ ਖਿਡਾਰੀ ਕਲੱਬਾਂ, ਪ੍ਰੋਫੈਸ਼ਨਲ ਖਿਡਾਰੀਆਂ ਤੇ ਸਰਵਿਸਜ਼ ਵਜੋਂ ਖੇਡੇ। ਫੁੱਟਬਾਲ ਦੀ ਖੇਡ ਦੀ ਪ੍ਰਤੀਯੋਗਤਾ ਦੇ ਬਲ ਉੱਤੇ ਅਨੇਕਾਂ ਖਿਡਾਰੀ ਪੁਲੀਸ, ਭਾਰਤੀ ਫੌਜ ਬੀ. ਐੱਸ.ਐੱਫ, ਆਰ. ਸੀ. ਐੱਫ ਤੇ ਪੰਜਾਬ ਰਾਜ ਬਿਜਲੀ ਬੋਰਡ ਦੇ ਮਹਿਕਮਿਆਂ ਵਿੱਚ ਰੱਖੇ ਗਏ।

ਇਸ ਕਰਕੇ ਹੀ ਹਰ ਖੇਡ ਸਮਾਗਮ ਵਿੱਚ ਜਨਾਬ ਅਲੀ ਹਸਨ ਹੋਰਾਂ ਦੇ ਯੋਗਦਾਨ ਦਾ ਜ਼ਿਕਰ ਹੁੰਦਾ ਹੈ। ਬਹੁਤ ਵਾਰ ਉਨ੍ਹਾਂ ਨੂੰ ਖੇਡਾਂ ਦੀਆਂ ਸੇਵਾਵਾਂ ਸਦਕਾ ਸਨਮਾਨਿਆ ਗਿਆ ਹੈ। ਉਹ ਹੁਣ ਵੀ ਫੁੱਟਬਾਲ ਦੀ ਖੇਡ ਨੂੰ ਹੁਲਾਰਾ ਦੇਣ ਲਈ ਸਰਗਰਮ ਹਨ। ॥

ਰੀਲਾਇੰਸ ਕੰਪਨੀ ਵਾਲੇ ਟੀਨਾ ਅੰਬਾਨੀ ਤੇ ਮੁਕੇਸ਼ ਅੰਬਾਨੀ ਨੇ ਭਾਰਤੀ ਸੁਪਰ ਲੀਗ ਨਾਂ ਹੇਠ ਫੁੱਟਬਾਲ ਟੂਰਨਾਮੈਂਟ ਸ਼ੁਰੂ ਕੀਤਾ ਹੈ ਜਿਸ ਦਾ ਫਾਈਨਲ ਮੈਚ ਦਸੰਬਰ 20, 2014 ਨੂੰ ਖੇਡਿਆ ਗਿਆ। ਵੱਖ-ਵੱਖ ਮੈਚਾਂ ਵਿੱਚ ਕੁੱਲ 15 ਲੱਖ ਲੋਕਾਂ ਨੇ ਸਟੈਡੀਅਮ ਵਿੱਚ ਹਾਜ਼ਰ ਹੋ ਕੇ ਮੈਚ ਦੇਖੇ ਤੇ ਕਰੋੜਾਂ ਦਰਸ਼ਕਾਂ ਨੇ ਟੀ. ਵੀ. ਉੱਤੇ ਖੇਡ ਦਾ ਅਨੰਦ ਮਾਣਿਆ। ਇਸ ਵਿੱਚ

ਅਨੇਕਾਂ ਪੱਛਮੀ ਤੇ ਅਫਰੀਕਨ ਦੇਸ਼ਾਂ ਦੇ ਖਿਡਾਰੀਆਂ ਨੇ ਭਾਗ ਲਿਆ। ਕਿੰਨੀ ਖੁਸ਼ੀ ਦੀ ਗੱਲ ਹੈ ਕਿ ਇਸ ਉੱਚ ਕੋਟੀ ਦੇ ਟੂਰਨਾਮੈਂਟ ਵਿੱਚ ਮਾਹਿਲਪੁਰ ਸਕੂਲ, ਅਕੈਡਮੀ ਅਤੇ ਕਾਲਜ ਦੀਆਂ ਗਰਾਊਂਡਾਂ ਵਿੱਚ ਸਿੱਖਿਅਤ ਹੋਏ ਖਿਡਾਰੀਆਂ ਨੇ ਭਾਗ ਲਿਆ ਤੇ ਸਿੱਟੇ ਵਜੋਂ ਹਰ ਮਾਹਿਲਪੁਰ ਇਲਾਕਾ ਨਿਵਾਸੀ ਇਸ ਪ੍ਰਾਪਤੀ ਉੱਤੇ ਮਾਣ ਕਰ ਸਕਦਾ ਹੈ।

ਸੁਪਰਲੀਗ ਵਿੱਚ ਭਾਗ ਲੈਣ ਵਾਲੇ ਸਾਡੇ ਲਾਡਲੇ ਖਿਡਾਰੀਆਂ ਦੇ ਨਾਮ ਇਸ ਪ੍ਰਕਾਰ ਹਨ:-

1. ਬਲਜੀਤ ਸਾਹਨੀ ਗੋਲਡੀ। 2. ਹਰਮਨਜੋਤ ਸਿੰਘ ਖਾਬੜਾ।
3 ਬਲਵੰਤ ਸਿੰਘ ਰਹੱਲੀ। 4. ਮਨੀਸ਼ ਭਾਰਗਵ।
5. ਸੁਖਵਿੰਦਰ ਸਿੰਘ। 6. ਰਾਕੇਸ਼ ਮਸੀਹ।
7. ਜਗਰੂਪ ਸਿੰਘ। 8. ਗੁਰਬਿੰਦਰ ਸਿੰਘ।
9. ਗੁਰਪ੍ਰੀਤ ਸਿੰਘ।

ਇਸ ਸੁਪਰਲੀਗ ਦੇ ਫਾਨੀਨਲ ਮੈਚ ਵਿੱਚ ਬਲਜੀਤ ਸਾਹਨੀ ਗੋਲਡੀ ਕਲਕੱਤਾ ਕਲੱਬ ਵਲੋਂ ਖੇਡਿਆ ਤੇ ਇਸ ਕਲੱਬ ਨੇ ਜੇਤੂ ਰਹਿ ਕੇ 8 ਕਰੋੜ ਦਾ ਇਨਾਮ ਜਿੱਤਿਆ।

## ਪਰਣਾਮ

ਖਾਲਸਾ ਹਾਈ ਸਕੂਲ ਮਾਹਿਲਪੁਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀਆਂ ਪ੍ਰਾਪਤੀਆਂ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਇਹ ਆਦਰਸ਼ ਸੰਸਥਾਵਾਂ ਸਨ। ਪਰਣਾਮ ਹੈ, ਇਨ੍ਹਾਂ ਦੇ ਪ੍ਰਬੰਧਕਾਂ ਨੂੰ, ਅਧਿਆਪਕਾਂ ਨੂੰ ਤੇ ਇਲਾਕੇ ਦੇ ਲੋਕਾਂ ਨੂੰ। ਆਓ ਦੁਆ ਕਰੀਏ ਕਿ ਇਹ ਸੰਸਥਾਵਾਂ ਮੁੜ ਕੇ ਸਾਡੇ ਇਲਾਕੇ ਲਈ ਚਾਨਣ ਮੁਨਾਰੇ ਬਣਨ। ਆਮੀਨ।

## ਭਵਿੱਖ ਬਾਣੀ

ਮੇਜਰ ਜਨਰਲ ਪਰਮਜੀਤ ਸਿੰਘ, ਡਾ. ਹਰਜਿੰਦਰ ਸਿੰਘ, ਡਾ. ਹਰਦੇਵ ਸਿੰਘ ਤੇ ਪ੍ਰੋ. ਪਰਵਿੰਦਰ ਸਿੰਘ ਦੀਆਂ ਅਕਾਦਮਕ ਪ੍ਰਾਪਤੀਆਂ ਨੂੰ ਦੇਖਦੇ ਹੋਏ ਤੇ ਸੰਗਤਾਰ ਵਾਰਿਸ, ਗੁਰਸ਼ਰਨ ਮਾਨ, ਜਸਵਿੰਦਰ ਮਾਨ, ਸੁਖਦੇਵ ਨਡਾਲੋਂ, ਹਰਮਿੰਦਰ ਸਾਹਿਬ ਤੇ ਰਾਓ ਕੈਂਡੋਵਾਲ਼ ਦੀਆਂ ਸਾਹਿਤਕ ਤੇ ਸੱਭਿਆਚਾਰਕ ਪ੍ਰਾਪਤੀਆਂ ਅਤੇ ਦਸੰਬਰ, 2014 ਦੀ ਭਾਰਤੀ ਸੁਪਰਲੀਗ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਦੀ ਖੇਡ ਨੂੰ ਦੇਖਦਿਆਂ ਇਹ ਕਹਿ ਸਕਦੇ ਹਾਂ ਕਿ ਮਾਹਿਲਪੁਰ ਸਕੂਲ ਤੇ ਕਾਲਜ ਦਾ ਭਵਿੱਖ ਰੌਸ਼ਨ ਹੈ ਤੇ ਇਨ੍ਹਾਂ ਦੀ ਪਹਿਲੇ ਵਾਲੀ ਸ਼ਾਨ ਛੇਤੀ ਬਹਾਲ ਹੋ ਜਾਵੇਗੀ।

## ਸਕੂਲ

ਉਹ ਸੱਜਣ ਜੋ ਖਾਲਸਾ ਹਾਈ ਸਕੂਲ ਖੜ੍ਹਾ ਕਰਨ ਦੇ ਮੋਢੀਆਂ ਵਿੱਚੋਂ ਸਨ :-
ਸ. ਕਰਤਾਰ ਸਿੰਘ ਬੰਡਾਲਾ ਅੰਮ੍ਰਿਤਸਰ।
ਜ਼ੈਲਦਾਰ ਬਲਵੰਤ ਸਿੰਘ ਬੈਂਸ।



ਸ. ਪ੍ਰੇਮ ਸਿੰਘ ਮੋਰਾਂਵਾਲ਼ੀ।
ਲੈਫਟੀਨੈਂਟ ਮਨੋਹਰ ਸਿੰਘ ਬੈਂਸ।
ਸ. ਅੱਛਰ ਸਿੰਘ ਭਾਰਟਾ।
ਭਾਈ ਪਿਆਰਾ ਸਿੰਘ ਲੰਗੇਰੀ।
ਸ. ਦਲੀਪ ਸਿੰਘ ਨੰਗਲ਼ ਕਲਾਂ।
ਸ. ਰਾਮ ਨਰਾਇਣ ਸਿੰਘ ਮਾਹਿਲਪੁਰ।
ਸ. ਪਰਤਾਪ ਸਿੰਘ ਮਾਹਿਲਪੁਰ।
ਕੈਪਟਨ ਭਾਗ ਸਿੰਘ ਮਾਹਿਲਪੁਰ।

## ਕਾਲਜ

ਦਾਨੀ ਸੰਸਥਾਵਾਂ ਤੇ ਦਾਨੀ ਸੱਜਣਾਂ ਦੇ ਨਾਮ:-
ਕੁਟੀਆ ਕਹਾਰਪੁਰ।
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।
ਸ. ਮਈਆ ਸਿੰਘ ਪਾਲਦੀ।
ਬਾਬੂ ਕਪੂਰ ਸਿੰਘ ਖੜੌਦੀ।
ਸ. ਬਸੰਤ ਸਿੰਘ ਮਾਹਿਲਪੁਰ।
ਸ. ਕਿਸ਼ਨ ਸਿੰਘ ਹਫੋਵਾਲ।
ਸ. ਇੰਦਰ ਸਿੰਘ ਗਿੱਲ।
ਸ. ਬਖਸ਼ੀਸ਼ ਸਿੰਘ ਭੰਮਰਾ ਮੇਘੋਵਾਲ਼।
ਸ. ਪ੍ਰਹਿਲਾਦ ਸਿੰਘ ਕਗੀਰਾ।
ਸ. ਗੁਰਬਚਨ ਸਿੰਘ ਟੂਟੋਮਜ਼ਾਰਾ।
ਸਰਦਾਰ ਬਹਾਦਰ ਸਰਦਾਰ ਇੰਦਰ ਸਿੰਘ ਦੁੰਮਣਾ।
ਸ. ਮਿਲਖਾ ਸਿੰਘ ਬਰਿਆਣਾ।
ਸ. ਦਿਲਬਾਗ ਸਿੰਘ ਡਿਗਾਣਾ।
ਸ. ਸੇਵਾ ਸਿੰਘ ਘੁਮਿਆਲ਼ਾ।
ਮਾਸਟਰ ਚੈਂਚਲ ਸਿੰਘ ਮਾਹਿਲਪੁਰ।
ਬੀਬੀ ਗੁਰਮੀਤ ਕੌਰ ਅਤੇ ਸ. ਇਕਬਾਲ ਸਿੰਘ ਧਾਮੀ।(ਸਪੁੱਤਰੀ ਅਤੇ ਦਾਮਾਦ ਸੁਤੰਤਰਤਾ ਸੰਗਰਾਮੀ ਸ. ਹਰਜਾਪ ਸਿੰਘ ਮਾਹਿਲਪੁਰ)।

## ਆਓ ਸੋਚੀਏ

ਪ੍ਰਿੰਸੀਪਲ ਸਾਹਿਬ ਆਏ ਤੇ ਚਲੇ ਗਏ। ਇਹ ਤਾਂ ਜ਼ਿੰਦਗੀ ਦਾ ਦਸਤੂਰ ਹੈ। ਜੋ ਵੀ ਆਇਆ ਉਸ ਨੇ ਜ਼ਰੂਰ ਜਾਣਾ ਹੈ। ਹੁਣ ਉਨ੍ਹਾਂ ਨੂੰ ਯਾਦ ਕਿਉਂ ਕਰਨਾ ਚਾਹੀਦਾ ਹੈ? ਇਸ ਵਕਤ ਦੇਸ਼ ਤੇ ਸਮਾਜ ਬਹੁਤ ਹੀ ਕਸੂਤੀ ਹਾਲਤ ਵਿੱਚੋਂ ਵਿਚਰ ਰਿਹਾ ਹੈ ਤੇ ਪੰਜਾਬ ਦੀ ਹਾਲਤ ਪੂਰੀ ਤਰ੍ਹਾਂ ਨਿੱਘਰ ਚੁੱਕੀ ਹੈ। ਇਹ ਸਭ ਕੁੱਝ ਸਾਡੇ ਇਲਾਕੇ ਵਿੱਚ ਵੀ ਹੋ ਰਿਹਾ ਹੈ। ਪੰਜਾਬ

ਵਿੱਚ ਬਹੁਤ ਪੱਖਾਂ ਵਿੱਚ ਵਿਗਾੜ ਆ ਚੁੱਕਾ ਹੈ ਪਰ ਸਭ ਤੋਂ ਵੱਧ ਮਾਰੂ ਤੇ ਭਿਆਨਕ ਨੁਕਸਾਨ ਵਿੱਦਿਅਕ ਖੇਤਰ ਵਿੱਚ ਹੋਇਆ ਹੈ।ਪੰਜਾਬ ਦੀ ਸ਼ਕਤੀ, ਬਲ ਅਤੇ ਬੁੱਧੀ ਕਾਰਨ ਸੀ। ਬਲ ਨਸ਼ਿਆਂ ਦੀ ਭੇਟ ਚੜ੍ਹ ਗਿਆ ਤੇ ਵਿੱਦਿਅਕ ਢਾਂਚੇ ਦੀ ਗਿਰਾਵਟ ਨੇ ਸਾਡੀ ਬੁੱਧੀ ਕਮਜ਼ੋਰ ਕਰ ਦਿੱਤੀ। ਇਨ੍ਹਾਂ ਦੋ ਪੱਖਾਂ ਤੇ ਹੋਰ ਕਾਰਨਾਂ ਕਰਕੇ ਪੰਜਾਬ ਦੀ ਜਵਾਨੀ ਵਤਨ ਨੂੰ ਬੇਦਾਵਾ ਦੇ ਬੈਠੀ ਹੈ ਤੇ ਉਹ ਕਿਸੇ ਵੀ ਖਤਰੇ ਨੂੰ ਮੁੱਲ ਲੈ ਕੇ ਪੰਜਾਬ ਦੇ ਤਪਦੇ ਤੰਦੂਰ ਵਿੱਚੋਂ ਨਿਕਲ ਕੇ ਦੇਸੋਂ ਬਾਹਰ ਦੌੜ ਜਾਣਾ ਲੋਚਦੇ ਹਨ। ਇਸ ਹਿਰਦੇ ਵੇਧਕ ਮਹੌਲ ਵਿੱਚ ਜੇ ਅਜੇ ਵੀ ਕੁੱਝ ਹੋ ਸਕਦਾ ਹੈ ਤਾਂ ਵਿੱਦਿਅਕ ਮਹੌਲ ਦੀ ਸਥਾਪਤੀ ਹੀ ਸਾਨੂੰ ਇਸ ਘਣ ਚੱਕਰ ਵਿੱਚੋਂ ਬਾਹਰ ਕੱਢਣ ਵਿੱਚ ਸਹਾਈ ਹੋ ਸਕਦੀ ਹੈ।

## ਨਵੇਂ ਸਿਰੇ ਤੋਂ ਵੀ ਹੋ ਸਕਦਾ

ਸੱਭ ਕੁੱਝ ਪੜ੍ਹ-ਦੇਖ ਕੇ, ਸਾਡੇ ਮਨਾਂ ਵਿੱਚ ਪੜ੍ਹਾਈ ਬਾਰੇ ਇੱਨੋ ਜਿਹੇ ਨੁਕਤੇ ਜ਼ਰੂਰ ਉੱਠਦੇ ਹੋਣਗੇ।

ਸਾਡੇ ਇਰਦ-ਗਿਰਦ ਤੇ ਸਮੁੱਚੇ ਪੰਜਾਬ ਵਿੱਚ ਅੱਜ ਕੱਲ ਪੜ੍ਹਾਈ ਦਾ ਕੀ ਹਾਲ ਹੈ। ਪ੍ਰਾਈਵੇਟ ਮਹਿੰਗੇ ਸਕੂਲ ਧੜਾ-ਧੜ ਖੁੱਲ੍ਹ ਰਹੇ ਹਨ। ਸਰਕਾਰੀ ਸਕੂਲਾਂ ਵਿੱਚ ਖਾਲੀ ਅਸਾਮੀਆਂ ਦੀਆਂ ਖਬਰਾਂ ਰੋਜ਼ ਪੜ੍ਹਦੇ ਹਾਂ। ਕਲਾਸਾਂ ਵਿੱਚ ਵਿਦਿਆਰਥੀਆਂ ਦੀ ਬਹੁਤ ਘੱਟ ਹਾਜ਼ਰੀ। ਗੈਰ-ਹਾਜ਼ਰ ਅਧਿਆਪਕਾਂ ਦੀ ਗੱਲ ਹੁੰਦੀ ਹੈ। ਟੀਚਰਾਂ ਵਲੋਂ ਪ੍ਰਾਪਤ ਡਿਗਰੀਆਂ ਦੀ ਸਚਾਈ ਨੂੰ ਜਾਨਣ ਲਈ ਅਧਿਆਪਕ-ਯੋਗਤਾ-ਇਮਤਿਹਾਨ ਹੁੰਦੇ ਹਨ ਜਿਨ੍ਹਾਂ ਦੀ ਪਾਸ ਫੀਸਦੀ ਬਹੁਤ ਘੱਟ ਹੈ। ਨਕਲੀ ਡਿਗਰੀਆਂ, ਸਕੂਲਾਂ ਦੀਆਂ ਖਸਤਾ ਇਮਾਰਤਾਂ, ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਮਿਆਰ ਵਿੱਚ ਖੱਪਾ ਆਦਿ ਦੀਆਂ ਖਬਰਾਂ ਅਸੀਂ ਰੋਜ਼ ਪੜ੍ਹਦੇ ਹਾਂ। ਇਮਤਿਹਾਨਾਂ ਵਿੱਚ ਨਕਲ, ਗੈਰ-ਕਨੂੰਨੀ ਤਰੀਕਿਆਂ ਦੀ ਵਰਤੋਂ, ਲੋ-ਲਿਹਾਜ਼ ਤੇ ਸਿਫਾਰਸ਼ਾਂ, ਪੇਪਰਾਂ ਦਾ ਲੀਕ ਹੋਣਾ ਆਦਿ ਸਮਾਜ ਤੇ ਦੇਸ਼ ਲਈ ਦੁਖਦਾਈ ਹਨ। ਇਨ੍ਹਾਂ ਦੀ ਵਰਤੋਂ ਕਰਨ ਵਾਲੇ ਭਰਿਸ਼ਟ, ਠੱਗ, ਚੋਰ, ਹੀਣ-ਭਾਵਨਾ ਵਾਲੇ, ਬੇਈਮਾਨ, ਨਿਕੰਮੇ, ਪਖੰਡੀ ਤੇ ਢੀਠ ਬਣ ਜਾਂਦੇ ਹਨ। ਪਰ ਪੰਜਾਬ ਵਿੱਚ ਇਹ ਦੁਰ-ਉਪਯੋਗ ਬਹੁਤ ਪੱਖਾਂ ਵਿੱਚ ਹੁੰਦਾ ਹੈ। ਇਮਤਿਹਾਨਾਂ ਵਿੱਚ, ਪੇਪਰ ਦੇਖਣ ਵੇਲੇ, ਪ੍ਰੈਕਟੀਕਲ ਇਮਤਿਹਾਨਾਂ ਵਿੱਚ ਤੇ ਰਿਜ਼ਲਟ ਛਾਪਣ ਸਮੇਂ, ਇਨ੍ਹਾਂ ਘਟੀਆ ਤਰੀਕਿਆਂ ਦੀ ਵਰਤੋਂ ਹੁੰਦੀ ਹੈ। ਦੂਜੇ ਪ੍ਰਾਂਤ ਖਾਸਕਰ ਦੋ ਗੁਆਂਢੀ ਰਾਜ ਮੋਟੀਆਂ ਰਕਮਾਂ, ਫੀਸਾਂ ਦੀਆਂ ਸ਼ਕਲਾਂ ਵਿੱਚ ਪ੍ਰਾਪਤ ਕਰਕੇ, ਡਿਗਰੀਆਂ ਦਿੰਦੇ ਹਨ। ਪੰਜਾਬ ਵਿੱਚ ਬਹੁਤ ਸਾਰੇ ਟੀਚਰ ਵੀ ਇਹੋ ਜਿਹੀਆਂ ਡਿਗਰੀਆਂ ਪ੍ਰਾਪਤ ਕਰਕੇ ਸਿੱਖਿਆ ਵਿਭਾਗ ਵਿੱਚ ਭਰਤੀ ਹੋ ਚੁੱਕੇ ਹਨ। ਸਿੱਟੇ ਵਜੋਂ ਇਮਤਿਹਾਨਾ ਦੇ ਭੈੜੇ ਰੀਜ਼ਲਟ, ਸਕੂਲੋਂ ਗੈਰ-ਹਾਜ਼ਰ ਰਹਿਣ ਦੀਆਂ ਖਬਰਾਂ ਸੁਣਦੇ ਹਾਂ। ਪੜ੍ਹਾਈ ਤੇ ਅਨੁਸ਼ਾਸਨ ਬਹੁਤ ਨੀਵੇਂ ਪੱਧਰ ਉੱਤੇ ਚਲਾ ਗਿਆ ਹੈ। ਪੜ੍ਹਾਈ ਪ੍ਰਣਾਲੀ ਵਿੱਚ ਆਏ ਵਿਗਾੜ ਦੇ ਨਤੀਜੇ ਦਹਾਕਿਆ ਤੱਕ ਭੁਗਤਣੇ ਪੈਂਦੇ ਹਨ।

ਇੱਕ ਅਯੋਗ ਅਧਿਆਪਕ ਘੱਟੋ ਘੱਟ 30 ਸਾਲ ਸਮਾਜ ਦਾ ਨੁਕਸਾਨ ਕਰਦਾ ਹੈ।



## ਟਿਊਸ਼ਨ ਦਾ ਦੌਰ

ਵਰਤਮਾਨ ਵਿਦਿਅਕ ਢਾਂਚੇ ਕਾਰਨ ਪੰਜਾਬ ਦਾ ਬਚਪਨ ਮਧੋਲ਼ਿਆ ਜਾ ਰਿਹਾ ਹੈ। ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਜ਼ਰੂਰੀ ਵਿਸ਼ਾ ਹੋਣ ਕਾਰਣ ਤੇ ਪ੍ਰਾਈਵੇਟ ਤੇ ਮਹਿੰਗੇ ਸਕੂਲਾਂ ਵਿੱਚ ਪਹਿਲੀ ਸ਼੍ਰੇਣੀ ਤੋਂ ਇੰਗਲਿਸ਼ ਮੀਡੀਅਮ ਕਾਰਣ ਇਹ ਵਰਤਾਰਾ ਚੱਲ ਰਿਹਾ ਹੈ। ਕਈ ਮਹਿੰਗੇ ਪ੍ਰਾਈਵੇਟ ਸਕੂਲਾਂ ਵਿੱਚ ਬੱਚੇ ਬਹੁਤ ਸਵੱਖਤੇ ਉੱਠਦੇ ਹਨ ਤੇ ਦੇਰ ਨਾਲ਼ ਘਰ ਪਹੁੰਚਦੇ ਹਨ। ਕਈ ਬੱਚਿਆਂ ਨੂੰ ਘੰਟਿਆਂ ਬੱਧੀ ਸਕੂਲ ਬੱਸਾਂ ਵਿੱਚ ਸਫ਼ਰ ਕਰਨਾ ਪੈਂਦਾ ਹੈ। ਸਾਰੇ ਬੱਚੇ, ਕੀ ਸਰਕਾਰੀ ਸਕੂਲਾਂ ਦੇ ਤੇ ਕੀ ਪ੍ਰਾਈਵੇਟ ਸਕੂਲਾਂ ਦੇ ਘਰ ਪਹੁੰਚਦੇ ਹੀ ਫਿਰ ਬਸਤੇ ਚੁੱਕ ਕੇ ਟਿਊਸ਼ਨ ਪੜ੍ਹਾਉਣ ਵਾਲਿਆਂ ਤੇ ਟਿਊਸ਼ਨ ਸੈਂਟਰਾਂ ਵੱਲ ਤੁਰ ਪੈਂਦੇ ਹਨ। ਉਨ੍ਹਾਂ ਪਾਸ ਖੇਡਣ ਲਈ ਕੋਈ ਸਮਾਂ ਨਹੀਂ ਬਚਦਾ। ਇਹ ਵੀ ਯਾਦ ਰਹੇ ਕਿ ਪਿੱਛਲੇ ਵਿਗੜੇ ਮਹੌਲ ਕਾਰਣ ਸਾਡੇ ਪਾਸ ਵੱਡੀਆਂ ਕਲਾਸਾਂ ਨੂੰ ਵੀ ਅੰਗਰੇਜ਼ੀ ਪੜ੍ਹਾਉਣ ਵਾਲੇ ਅਧਿਆਪਕ ਉਪਲਪਧਨਹੀਂ। ਛੋਟੀਆਂ ਕਲਾਸਾਂ ਅੰਗਰੇਜ਼ੀ ਪੜ੍ਹ ਰਹੀਆਂ ਹਨ, ਇਹ ਨਿਰਾ ਭੁਲੇਖਾ ਹੈ। ਪੰਜਾਬ ਦੇ ਨੰਨ੍ਹੇ-ਮੁੰਨੇ, ਅਜੀਬ ਮਾਨਸਿਕ ਤਣਾਅ ਵਿੱਚੋਂ ਗੁਜ਼ਰ ਰਹੇ ਹਨ। ਅਸੀਂ ਬੇਬਸ ਸਭ ਕੁੱਝ ਦੇਖ ਰਹੇ ਹਾਂ। ਬੱਚਿਆਂ ਦੇ ਬਚਪਨ, ਵਿਦਿਆਰਥੀਆ ਦੇ ਭਵਿੱਖ ਤੇ ਮਾਪਿਆਂ ਦੀ ਆਰਥਿਕ ਤੇ ਮਾਨਸਿਕ ਲੁੱਟ ਨੂੰ ਬਚਾਉਣ ਲਈ,ਸਮਾਜ ਤੇ ਸਰਕਾਰਾਂ ਨੂੰ ਇਹ ਟਿਊਸ਼ਨ ਦਾ ਦੌਰ ਜਲਦੀ ਬੰਦ ਕਰਵਾ ਦੇਣਾ ਬਾਰੇ ਸੋਚਣਾ ਚਾਹੀਦਾ ਹੈ।

ਕਿਸੇ ਵੀ ਕੌਮ ਨੂੰ ਉੱਚਾ ਚੁੱਕਣ ਲਈ ਪੜ੍ਹਾਈ ਦਾ ਸਭ ਤੋਂ ਵੱਡਾ ਯੋਗਦਾਨ ਹੁੰਦਾ ਹੈ।

ਪੰਜਾਬ ਕਿੱਧਰ ਨੂੰ ਜਾ ਰਿਹਾ ਹੈ।

ਕੀ ਪੰਜਾਬ ਦਾ ਕਿਸੇ ਨੂੰ ਫਿਕਰ ਹੈ?

ਕੀ ਤੁਸੀਂ ਵੀ ਪੰਜਾਬ ਬਾਰੇ ਚਿੰਤਤ ਨਹੀਂ?

ਤੁਸੀਂ ਜ਼ਰੂਰ ਫਿਕਰਮੰਦ ਹੋ।

## ਅਸੀਂ ਕੀ ਕਰ ਸਕਦੇ ਹਾਂ

ਆਓ ਪਹਿਲਾਂ ਪ੍ਰਿੰਸੀਪਲ ਹਰਭਜਨ ਸਿੰਘ ਦੇ ਸਮੇਂ ਤੱਕ ਦੇ ਖਾਲਸਾ ਹਾਈ ਸਕੂਲ ਤੇ ਕਾਲਜ ਨੂੰ ਚਿਤਵਦੇ ਹੋਏ ਫੈਸਲੇ ਲਈਏ। ਜੇ ਸਾਡੇ ਉੱਪਰ ਕੁਦਰਤ ਦੀ ਕ੍ਰਿਪਾ ਹੈ ਤਾਂ ਖਾਲਸਾ ਹਾਈ ਸਕੂਲ ਮਾਹਿਲਪੁਰ ਵਰਗੇ ਪ੍ਰਾਈਵੇਟ ਸਕੂਲ ਸਥਾਪਿਤ ਕਰੀਏ।

ਆਓ ਇਨ੍ਹਾਂ ਸਕੂਲਾਂ ਲਈ ਨੇਕ, ਮਿਹਨਤੀ,ਇਮਾਨਦਾਰ ਤੇ ਹਮਦਰਦ ਅਧਿਆਪਕ ਲੱਭੀਏ।

ਹਰ ਸਕੂਲ ਦੇ ਮੁੱਖੀ ਨੂੰ ਲੱਭਣ ਵਿੱਚ ਬਹੁਤ ਮਿਹਨਤ ਕਰੀਏ ਤੇ ਉਸਦੀ ਨਿਯੁਕਤੀ ਤੋਂ ਬਾਅਦ ਖਾਲਸਾ ਹਾਈ ਸਕੂਲ ਦੀ ਮੈਨੇਜਮੈਂਟ ਵਾਂਗ ਸਕੂਲ ਮੁੱਖੀ ਨੂੰ ਸਕੂਲ ਚਲਾਉਣ ਦੀ ਖੁੱਲ੍ਹ ਦਈਏ। ਪੜ੍ਹਾਈ ਦੇ ਸਿਸਟਮ ਵਿੱਚ ਆਈਆਂ ਕੁਰੀਤੀਆਂ ਨੂੰ ਨੇੜੇ ਨਾ ਆਉਣ ਦੇਈਏ।

ਜੇ ਹਾਈ ਸਕੂਲ ਨਹੀਂ ਤਾਂ ਪਹਿਲਾਂ ਚੱਲ ਰਹੇ ਸਰਕਾਰੀ ਸਕੂਲਾਂ ਨੂੰ ਹੀ ਸਾਂਭ ਲਈਏ।

ਹੁਣ

ਵਿਦਿਆਰਥੀ ਗੰਭੀਰ ਹੋਣ।

ਹਰ ਅਧਿਆਪਕ ਆਪਣਾ ਫਰਜ਼ ਪੂਰਾ ਕਰੇ।

ਮਾਪੇ ਬੱਚਿਆਂ ਵੱਲ ਧਿਆਨ ਦੇਣ।

ਸਮਾਜ ਸਕੂਲਾਂ ਵਿੱਚ ਸੁਧਾਰ ਲਿਆਵੇ।

ਕਿੰਨੀ ਚੰਗੀ ਗੱਲ ਹੈ ਕਿ ਹਰ ਸ਼ੁਭ ਕਰਜ ਵਿੱਚ ਪਰਵਾਸੀ ਭਰਾ ਆਪਣੇ ਆਪ ਅੱਗੇ ਆ ਜਾਂਦੇ ਹਨ।

ਹਰ ਸਕੂਲ ਵਿੱਚ ਪਿੰਡ ਵਿੱਚੋਂ ਘੱਟੋ-ਘੱਟ ਦੋ ਟੀਚਰ ਆਪਣੇ ਖਰਚ 'ਤੇ ਨਿਯੁਕਤ ਕਰਕੇ ਸਕੂਲ ਭੇਜਣ ਜੋ ਬੱਚਿਆਂ ਨੂੰ ਪੜ੍ਹਾਉਣ ਵੀ ਤੇ ਸਾਰੇ ਸਕੂਲ ਦੀ ਨਿਗਰਾਨੀ ਵੀ ਕਰਨ ਤੇ ਨੀਵੀਂ ਨਜ਼ਰ ਪ੍ਰਬੰਧ ਵਿੱਚ ਭਾਗ ਲੈਣ।

ਸਾਰੇ ਹੀ ਗੁਰਦੁਆਰਿਆਂ ਵਿੱਚ ਲੰਗਰ ਦੀ ਪ੍ਰਥਾ ਹੈ ਇਨ੍ਹਾਂ ਪਵਿੱਤਰ ਧਾਰਮਕ ਅਸਥਾਨਾਂ ਵਿੱਚ ਬੱਚਿਆਂ ਦਾ ਮਿੱਡ-ਡੇ-ਮੀਲ ( ਦੁਪਹਿਰ ਦਾ ਖਾਣਾ ) ਤਿਆਰ ਹੋਣਾ ਚਾਹੀਦਾ ਹੈ ਤੇ ਉੱਤੋਂ ਰੇੜ੍ਹੀਆਂ ਉੱਤੇ ਰੱਖ ਕੇ ਸਕੂਲ ਪਹੁੰਚਣਾ ਚਾਹੀਦਾ ਹੈ। ਹਰ ਪਿੰਡ ਇਹ ਕਾਰਜ ਕਰ ਸਕਦਾ ਹੈ। ਮਿੱਡ-ਡੇ-ਮੀਲ ਬਾਰੇ ਅਸੀਂ ਹਰ ਰੋਜ਼ ਜੋ ਕੁੱਝ ਸੁਣਦੇ ਹਾਂ ਉਹ ਅੱਛਾ ਨਹੀਂ ਹੈ।

## ਚੰਗਾ ਹੋਵੇ ਜੇ ਵਿਦਿਆਰਥੀ ਯਾਦ ਰੱਖਣ

ਸਕੂਲ, ਕਾਲਜ ਦਾਖਲ ਹੋਣ ਵੇਲੇ ਵਿਦਿਆਰਥੀ ਸਿਰ ਝੁਕਾਉਣ।

ਰਸਤੇ ਤੁਰਨ ਲਈ ਹੁੰਦੇ ਹਨ, ਰੁਕਣ ਲਈ ਨਹੀਂ।

ਵਿਦਿਆਰਥੀਆਂ ਦੇ ਹੱਥਾਂ ਵਿੱਚ ਕਿਤਾਬਾਂ-ਕਾਪੀਆਂ ਬਹੁਤ ਸੁੰਹਦੀਆਂ ਹਨ।

ਹਰ ਧੀ ਸਤਿਕਾਰ ਦੀ ਪਾਤਰ ਹੁੰਦੀ ਹੈ।

ਪੋਸ਼ਾਕ ਵਿੱਚੋਂ ਪੰਜਾਬੀਅਤ ਦੀ ਝਲਕ ਪੈਣੀ ਚਾਹੀਦੀ ਹੈ।

ਪੰਜਾਬ ਕਦੇ ਹਰ ਪਹਿਲੂ ਵਿੱਚ ਅੱਗੇ ਹੁੰਦਾ ਸੀ। ਪਰ ਹੁਣ ਨਹੀਂ।

ਕਿਸੇ ਸਮੇਂ ਕਈ ਵਿਦਿਆਰਥੀ ਸਕੂਲ ਤੇ ਕਾਲਜ ਵਿੱਚ 15 ਕਿਲੋਮੀਟਰ + 15 ਕਿਲੋਮੀਟਰ ਪੈਦਲ ਚੱਲਕੇ ਆਉਂਦੇ ਸਨ।

ਸਾਦਗੀ, ਸਹਿਯੋਗ,ਸਹਿਣਸ਼ੀਲਤਾ, ਸੰਵੇਦਨਸ਼ੀਲਤਾ, ਸਬਰ ਸੰਤੋਖ, ਭਰਾਤਰੀ ਭਾਵ, ਮਿਲਵਰਤਨ ਤੇ ਕਿਰਤ ਕਿਸੇ ਵੇਲੇ ਪੰਜਾਬ ਦੀ ਜੀਵਨਸ਼ੈਲੀ ਦੇ ਅਤੁੱਟ ਅੰਗ ਸਨ। ਪਰ ਅੱਜ ਕੱਲ ਨਹੀਂ। ਪਰ ਇਨ੍ਹਾਂ ਨੂੰ ਅਪਣਾਉਣਾ ਸਮੇਂ ਦੀ ਮੁੱਖ ਮੰਗ ਹੈ।

## ਭੁੱਲ-ਚੁਕ ਮੁਆਫ

ਇਹ ਥੋੜ੍ਹੇ ਜਿਹੇ ਪੰਨੇ ਜੋ ਲਿਖੇ ਗਏ ਹਨ, ਇਨ੍ਹਾਂ ਵਿੱਚ ਸਭ ਕੁੱਝ ਬਿਆਨ ਨਹੀਂ ਕੀਤਾ ਜਾ ਸਕਿਆ। ਪਾਠਕਾਂ ਨੂੰ ਬਹੁਤ ਸਾਰੀਆਂ ਊਣਤਾਈਆਂ ਨਜ਼ਰ ਆਉਣਗੀਆਂ। ਬਹੁਤ ਸਾਰੇ ਤੱਥ ਅਣਛੋਹੇ ਰਹਿ ਗਏ ਹੋਣਗੇ। ਪਾਠਕਾਂ ਦੇ ਸੁਝਾਵਾਂ ਦਾ ਸਤਿਕਾਰ ਹੋਵੇਗਾ ਤੇ ਨਵੀਂ ਜਾਣਕਾਰੀ ਅਗਲੇ ਸੰਸਕਰਣਾਂ ਵਿੱਚ ਪਾ ਦਿੱਤੀ ਜਾਵੇਗੀ।




## ਧੰਨਵਾਦ

- ਜਨਾਬ ਅਲੀ ਹਸਨ ਜੀ ਦਾ, ਉਨ੍ਹਾਂ ਤੋਂ ਫੁੱਟਬਾਲਰਾਂ ਬਾਰੇ ਜਾਣਕਾਰੀ ਪ੍ਰਾਪਤ ਹੋਈ।
- ਸ. ਮੋਹਨ ਸਿੰਘ ਬੈਂਸ ਜੀ ਦਾ, ਸਕੂਲ ਬਾਰੇ ਖਾਸ ਤਰ੍ਹਾਂ ਦੀ ਜਾਣਕਾਰੀ ਦੇਣ ਲਈ।
- 'ਰਾਓ ਕੈਂਡੋਵਾਲ਼' (ਕਰਿਸ਼ਨਜੀਤ ਰਾਓ) ਦਾ ਜਿਨ੍ਹਾਂ ਸਾਰਾ ਕੁੱਝ ਟਾਇਪਿੰਗ ਕਰਨ, ਖਰੜਾ ਵਾਰ-ਵਾਰ ਸੋਧਣ ਤੇ ਕੀਮਤੀ ਸੁਝਾਅ ਦੇਣ ਲਈ।
- ਮੋਹਨ ਪੇਂਟਰ ਤੇ ਸੁਖਦੇਵ ਨਡਾਲੋਂ ਦਾ ਮਸ਼ਵਰਾ ਤੇ ਤਕਨੀਕੀ ਸੇਧ ਦੇਣ ਲਈ।
- ਸ. ਅਮਰਜੀਤ ਸਿੰਘ ਬੈਂਸ, ਕਰਨਲ ਸੁਰਿੰਦਰ ਸਿੰਘ ਬੈਂਸ ਤੇ ਵਿੰਗ-ਕਮਾਂਡਰ ਹਰਦੇਵ ਸਿੰਘ ਢਿੱਲੋਂ ਜੀ ਦਾ, ਛਪਾਈ ਦੇ ਖਰਚ ਲਈ।
- ਸਵਰਗਵਾਸੀ ਗਿਆਨੀ ਹਰਕੇਵਲ ਸਿੰਘ 'ਸੈਲਾਨੀ' ਜੀ ਦਾ, ਉਨ੍ਹਾਂ ਦੀਆਂ ਲਿਖਤਾਂ ਵਿੱਚੋਂ ਕੁੱਝ ਜਾਣਕਾਰੀ ਲੈਣ ਲਈ।
- ਪ੍ਰੋ. ਸੁਰਜੀਤ ਹਾਂਸ ਹੁਰਾਂ ਦਾ, ਉਨ੍ਹਾਂ ਪ੍ਰਿੰਸੀਪਲ ਸਾਹਿਬ ਬਾਰੇ ਦਿਲਚਸਪ ਕਹਾਣੀਆਂ ਸੁਣਾਈਆਂ।
- ਡਾ. ਚੰਨਣ ਸਿੰਘ ਜੀ, ਮਾਸਟਰ ਚੈਂਚਲ ਸਿੰਘ ਜੀ, ਹਰਦੇਵ ਸਿੰਘ ਢਿੱਲੋਂ ਦੇ ਪਰਿਵਾਰਾਂ ਤੇ ਗੁਲਜ਼ਾਰ ਸੰਧੂ ਦਾ ਦੁਰਲੱਭ ਫੋਟੋਆਂ ਦੀਆਂ ਕਾਪੀਆਂ ਦੇਣ ਲਈ।
- ਪ੍ਰੋ. ਜ਼ੋਰਾਵਰ ਸਿੰਘ ਜੀ ਦਾ ਜਿਨ੍ਹਾਂ ਨੇ ਪ੍ਰਿੰਸੀਪਲ ਸਾਹਿਬ ਬਾਰੇ ਬਹੁਤ ਦਿਲਚਸਪ ਜਾਣਕਾਰੀ ਦਿੱਤੀ।

## ਪ੍ਰਿੰਸੀਪਲ ਸਾਹਿਬ

ਲੇਖਕ 1953 ਤੋਂ 1963 ਤੱਕ ਖਾਲਸਾ ਹਾਈ ਸਕੂਲ ਮਾਹਿਲਪੁਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦਾ ਵਿਦਿਆਰਥੀ ਰਿਹਾ ਹੈ। 1969 ਤੋਂ 2003 ਤੱਕ ਕਾਲਜ ਵਿੱਚ ਸਰਵਿਸ ਵੀ ਕੀਤੀ। ਸਕੂਲ ਕਾਲਜ ਦੀਆਂ ਗਤੀਵਿਧੀਆਂ ਲੇਖਕ ਨੇ ਬਹੁਤ ਨੇੜਿਓਂ ਦੇਖੀਆਂ ਹਨ। ਪ੍ਰਿੰਸੀਪਲ ਸਾਹਿਬ ਦੇ ਅਨੇਕਾਂ ਵਾਰ ਦਰਸ਼ਨ ਕੀਤੇ ਹਨ ਤੇ ਦੋ ਸਾਲ ਉਨ੍ਹਾਂ ਪਾਸੋਂ ਕਾਲਜ ਦੀ ਟੈਨਸ ਗਰਾਊਂਡ ਵਿੱਚ ਸਮੁੱਚੀ F.A., F.Sc. ਦੀਆਂ ਕਲਾਸਾਂ ਵਿੱਚ ਗਰਾਮਰ ਪੜ੍ਹੀ ਹੈ। ਤਿੰਨ ਵਾਰ ਉਨ੍ਹਾਂ ਦੇ ਬਹੁਤ ਨਜ਼ਦੀਕ ਹੋ ਕੇ ਦਰਸ਼ਨ ਕੀਤੇ ਹਨ। ਇਸ ਤੋਂ ਇਲਾਵਾ ਪ੍ਰਿੰਸੀਪਲ ਸਾਹਿਬ ਬਾਰੇ ਸਾਬਕਾ ਵਿਦਿਆਰਥੀਆਂ ਤੋਂ ਬਹੁਤ ਕੁੱਝ ਸੁਣਿਆ ਹੈ। ਇਹ ਸਭ ਕੁੱਝ ਇਸ ਸਨਮਾਨ ਪੱਤਰ ਵਿੱਚ ਲਿਖਿਆ ਗਿਆ ਹੈ। ਲੇਖਕ ਆਪਣੇ ਆਪ ਨੂੰ ਸਦਾ ਹੀ ਸਕੂਲ, ਕਾਲਜ ਤੇ ਪ੍ਰਿੰਸੀਪਲ ਸਾਹਿਬ ਦਾ ਰਿਣੀ ਸਮਝਦਾ ਹੈ।

ਪ੍ਰੋ. ਅਜੀਤ
ਪਿੰਡ ਤੇ ਡਾਕ ਲੰਗੇਰੀ
ਜਿਲ੍ਹਾ ਹੁਸ਼ਿਆਰਪੁਰ
ਮੋਬਾਇਲ:- 94630-14523.

## ਸੁਭਾਗ

ਪੁਸਤਕ ਪ੍ਰਿੰਸੀਪਲ ਹਰਭਜਨ ਸਿੰਘ ਜੀ- ਲਾਸਾਨੀ ਸ਼ਖ਼ਸੀਅਤ (ਭਾਗ-1) ਦਾ ਖਰੜਾ ਪੜ੍ਹਦਿਆਂ ਹੀ ਸਮਝ ਲਿਆ ਕਿ ਇਸ ਪੁਸਤਕ ਦੀ ਪ੍ਰਕਾਸ਼ਨਾ ਨਾਲ਼ ਹਰ ਖਿੱਤੇ ਤੇ ਵਰਗ ਵਿੱਚ ਮੁੜ ਪ੍ਰਿੰਸੀਪਲ ਸਾਹਿਬ ਜੀ ਦੀ ਸੋਚ ਜਾਗਰੂਕ ਹੋਵੇਗੀ, ਜਿਸ ਨਾਲ਼ ਮੁੜ ਸੁਨਹਿਰੀ ਦਿਨ ਪਰਤਣਗੇ ਜੋ ਇਸ ਪੁਸਤਕ ਦੇ ਲੇਖਕ ਦੀ ਮਨੋਕਾਮਨਾ ਤੇ ਦੁਆ ਹੈ। ਮੇਰੀ ਜਾਚੇ ਇਸ ਪੁਸਤਕ ਦੀ ਪ੍ਰਕਾਸ਼ਨਾ ਮੇਰਾ ਚੰਗਾ ਸੁਭਾਗ ਹੈ। ਪਾਠਕਾਂ ਦੇ ਸੁਝਾਵਾਂ ਦੀ ਉਡੀਕ ਵਿੱਚ।

ਪ੍ਰਿੰਸੀਪਲ
ਐਲਿਸ ਹਾਈ ਸਕੂਲ,ਮਾਹਿਲਪੁਰ
ਜਿਲ੍ਹਾ ਹੁਸ਼ਿਆਰਪੁਰ




## ਪਾਰਸਮਣੀ

ਬੱਚੇ, ਮਾਪੇ, ਅਧਿਆਪਕ, ਖੇਡਾਂ ਤੇ ਵਾਤਾਵਰਨ ਸਿੱਖਿਆ ਦੇ ਥੰਮ ਮੰਨੇ ਜਾਂਦੇ ਹਨ ਤੇ ਮਾਹਿਲਪੁਰ ਵਿੱਚ ਇਨ੍ਹਾਂ ਥੰਮਾਂ ਦਾ ਥੰਮ ਪ੍ਰਿੰਸੀਪਲ ਹਰਭਜਨ ਸਿੰਘ ਜੀ ਨੂੰ ਮੰਨਿਆ ਜਾਂਦਾ ਹੈ ਜਿਨ੍ਹਾਂ 19 ਵੀਂ ਸਦੀ ਦੇ ਤੀਜੇ ਦਹਾਕੇ ਵਿੱਚਖਾਲਸਾ ਹਾਈ ਸਕੂਲ ਮਾਹਿਲਪੁਰ ਦੇ ਮੁੱਖ-ਅਧਿਆਪਕ ਬਣ ਕੇ ਸਕੂਲ ਨੂੰ ਨਵੀਂ ਦਿਸ਼ਾ ਤੇ ਦਸ਼ਾ ਦੇ ਕੇ ਮਾਹਿਲਪੁਰ ਦੇ ਪੇਂਡੂ ਖੇਤਰ ਵਿੱਚ ਸਿੱਖਿਆ ਨੂੰ ਘਰ-ਘਰ ਹੀ ਨਹੀਂ ਪਹੁੰਚਾਇਆ ਸਗੋਂ ਉਚੇਰੀ ਸਿੱਖਿਆ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀ ਸਥਾਪਨਾ ਕਰਕੇ ਲੜਕਿਆਂ ਦੇ ਨਾਲ਼-ਨਾਲ਼ ਲੜਕੀਆਂ ਲਈ ਵੀ ਉਚੇਰੀ ਸਿੱਖਿਆ ਦੇ ਦਰਵਾਜੇ ਖੋਲ ਦਿੱਤੇ। ਵਿੱਦਿਆ, ਖੇਡਾਂ ਤੇ ਸਾਹਿਤ ਦੇ ਖੇਤਰ ਵਿੱਚ ਇਸ ਕਰਮਯੋਗੀ ਸ਼ਖ਼ਸੀਅਤ ਨੇ ਉਹ ਕੀਰਤੀਮਾਨ ਸਥਾਪਿਤ ਕੀਤੇ ਜੋ ਉਸ ਸਮੇਂ ਵਿੱਚ ਇਨ੍ਹਾਂ ਖੇਤਰਾਂ ਵਿੱਚ ਸ਼ਾਇਦ ਹੀ ਕਿਸੇ ਹੋਰ ਸ਼ਖ਼ਸੀਅਤ ਨੇ ਪੇਂਡੂ ਕੈਤਰ ਵਿੱਚ ਕੀਤੇ ਹੋਣ ਜਿਨ੍ਹਾਂ ਦਾ ਸੰਖੇਪ, ਸਪਸ਼ਟ ਤੇ ਅਰਥ ਭਰਪੂਰ ਵਰਨਣ ਇਸ ਪੁਸਤਕ ਦੇ ਲੇਖਕ ਪ੍ਰੋ. ਅਜੀਤ ਲੰਗੇਰੀ ਵਲੋਂ ਕੀਤਾ ਗਿਆ ਹੈ। ਪ੍ਰਿੰਸੀਪਲ ਸਾਹਿਬ ਜੀ ਵਲੋਂ ਵਿੱਦਿਆ, ਖੇਡਾਂ ਤੇ ਸਾਹਿਤ ਦੇ ਖੇਤਰ ਵਿੱਚ ਅਜਿਹੇ ਹੀਰੇ ਤਰਾਸ਼ੇ ਜਿਨ੍ਹਾਂ ਦੀ ਚਮਕ ਅੱਜ ਸਮੁੱਚੇ ਵਿਸ਼ਵ ਵਿੱਚ ਠਾਠਾਂ ਮਾਰ ਰਹੀ ਹੈ ਜੋ ਇਸ ਪਾਰਸਮਣੀ ਰੂਪੀ ਪੁਸਤਕ "ਪ੍ਰਿੰਸੀਪਲ ਹਰਭਜਨ ਸਿੰਘ - ਲਾਸਾਨੀ ਸ਼ਖ਼ਸੀਅਤ (ਭਾਗ-1)" ਵਿੱਚੋਂ ਆਪ-ਮੁਹਾਰੇ ਝਲਕਾਰੇ ਮਾਰਦੀ ਹੈ। ਇਸ ਇਤਿਹਾਸਕ ਤੇ ਖੋਜ ਭਰਪੂਰ ਪੁਸਤਕ ਦੇ ਹਰ ਸ਼ਬਦ ਤੇ ਵਾਕ ਦੇ ਆਪਣੇ ਸੰਪੂਰਨ ਅਰਥ ਹਨ। ਪੁਸਤਕ ਪੜ੍ਹਨ ਵਾਲ਼ਿਆਂ ਦਾ ਮੇਰੇ ਵਾਂਗ ਇਹ ਮੰਨਣਾ ਹੀ ਨਹੀਂ ਹੋਵੇਗਾ ਸਗੋਂ ਯਕੀਨ ਵੀ ਹੋਵੇਗਾ ਕਿ ਇਹ ਪਾਰਸਮਣੀ ਪੁਸਤਕ ਉੱਤੇ ਪਹਿਲੀ ਪੀੜ੍ਹੀ ਨੂੰ ਮਾਣ ਹੋਵੇਗਾ, ਦੂਜੀ ਪੀੜ੍ਹੀ ਨੂੰ ਵਿਰਾਸਤ ਉੱਤੇ ਖੁਸ਼ੀ ਹੋਵੇਗੀ ਤੇ ਨਵੀਂ ਪੀੜ੍ਹੀ ਸਮੇਂ ਦੇ ਹਾਣ ਦਾ ਬਣਨ ਲਈ ਲਗਨ ਤੇ ਮਿਹਨਤ ਦੀ ਗੁੜਤੀ ਲੈ ਕੇ ਨਵੇਂ ਯੁੱਗ ਦਾ ਆਗਾਜ਼ ਕਰਨ ਦੇ ਸਮਰੱਥ ਹੋਵੇਗੀ। ਆਪਾ ਤੇ ਆਪਣਾ ਬਹੁਤ ਕੁੱਝ ਨਿਸ਼ਾਵਰ ਕਰਨ ਵਾਲ਼ੇ ਯੁੱਗ ਪੁਰਸ਼ ਪ੍ਰਿੰਸੀਪਲ ਹਰਭਜਨ ਸਿੰਘ ਜੀ ਦੇ ਸਮੁੱਚੇ ਜੀਵਨ ਨਾਲ਼ ਸਬੰਧਤ ਇਹ ਪੁਸਤਕ ਹਰ ਪਾਠਕ ਨੂੰ ਹਰ ਸਮੇਂ ਅੱਜ, ਕੱਲ ਤੇ ਭਲ਼ਕ ਨਾਲ਼ ਹਮੇਸ਼ਾ ਜੋੜੀ ਰੱਖੇਗੀ ਜੋ ਲੇਖਕ ਤੇ ਪ੍ਰਕਾਸ਼ਕ ਦੀ ਨਿੱਗਰ ਤੇ ਠੋਸ ਪ੍ਰਾਪਤੀ ਹੈ। ਇਹ ਪੁਸਤਕ ਹਰ ਘਰ ਤੇ ਲਾਇਬ੍ਰੇਰੀ ਦਾ ਗਹਿਣਾ ਬਣੇਗੀ ਮੇਰਾ ਪੂਰਨ ਵਿਸ਼ਵਾਸ਼ ਹੈ।

ਰਾਓ ਕੈਂਡੋਵਾਲ਼
(ਕਰਿਸ਼ਨਜੀਤ ਲਾਲ)
ਮੋਬਾਇਲ:-75891-76598

# ਤਸਵੀਰਾਂ ਮੂੰਹੋਂ ਬੋਲਦੀਆਂ




**ਮੁਣਸ਼ੀ ਫ਼ਤਹਿ ਸਿੰਘ ਜੀ**



**ਹੁਸ਼ਿਆਰਪੁਰ ਕਚਹਿਰੀਆਂ ਨਜ਼ਦੀਕ ਇਮਾਰਤ ਜੋ ਪ੍ਰਿੰਸੀਪਲ ਸਾਹਿਬ ਨੇ**
**ਪੰਜਾਬੀ ਯੂਨੀਵਰਸਿਟੀ ਦੀ**
**ਮਾਇਕ ਸ਼ਰਤ ਪੂਰੀ ਕਰਨ ਲਈ ਵੇਚੀ ਸੀ।**




**KHALSA HIGH SCHOOL, MAHILPUR**
**X CLASS 1924-25**




ਸਕੂਲ ਦੇ ਬੋਰਡਿੰਗ ਹਾਊਸ ਦੀ ਤਸਵੀਰ





**KHALSA HIGH SCHOOL, MAHILPUR**

CHAMPION FOOT-BALL TEAM, KHALSA HIGH SCHOOLS' POURANMASI TOURNAMENT
NANKANA SAHIB, 1928.

Kartar Singh, Mahanga Singh, Chanan Singh, Atma Singh

Devindar Singh, Bachint Singh, Chanan Singh, Ujagar Singh Dharm Singh.

Sadhu Singh (Captain), S. Chanchal Singh (Master-In-Charge), S. Harbhajan Singh B.A.(Hons) B.T. (Head-Master), S. Darbara Singh (Master-In-Charge), S. Mehan Singh (Master-In-Charge).

Bakhshish Singh • Indar Singh

**Photographer : Mehar Chand, Railway Road, Jullundur City.**



**Khalsa High School Mahilpur**

Champion Tug-of-War Team.

Hoshiarpur District Tournament, 1927-28.

Ujagar Singh Malvai, Mahanga Singh, Bachint Singh, Chanan Singh, Rattan Singh.

Sangat Singh, S.Chanchal Singh (Master-In-Charge), S. Harbhajan Singh B.A. (Hons)B.T.(Head-Master), Hazara Singh (Captain), Jamiet Singh.

Sadhu Singh • Malook Singh







**KHALSA HIGH SCHOOL, MAHILPUR**

CHAMPION HOCKY TEAM

DISTRICT TOURNAMENT, HOSHIARPUR, 1939-40.

**Standing :**

Gian Sing, Udam Singh, Bakhshish Singh, Rattan Singh, Bal Mukand, Jit Singh.

**Chairs :**

Amratsarya Ram (Captain), S. Mahan Singh (Master-In-Charge), S. Harbhajan Singh B.A.(Hons.) B.T.(Head-master), S. Charan Singh G.T. (Master-In-Charge).

**Ground:**

Lachhman Singh, Bishan Singh, Daulat Singh, Piara Singh. Sansar Singh, Photographer.

## ਹਰ ਖੇਡ ਵਿਚ ਮੋਹਰੀ



**KHALSA HIGH SCHOOL, MAHILPUR**
CHAMPION ATHLETICS TEAM
DISTRICT HIGH SCHOOL TOURNAMENT : 1957-58

**Standing :**

Hardyal Singh • Gurshinder Singh • Sawarn Singh
Prem Sagar • Joginder Singh

**Chairs :**

Nirmal Singh-( Ex Captain) • S. Jagat Singh-P.T.I.
S. Darbara Singh B.A. • S.A.V. (Asstt. Headmaster)
Bawa Gurdit Singh Bedi-B.A.(Hons) B.T.,(Headmaster)
S. Darshan Singh P.T.I. • Mohinder Singh (Captain).

**Picture :** Harjot Press, Shad Studio, Mahilpur.



## ਦਸਵੀਂ ਕਲਾਸ ਦੇ ਇਕ ਸੈਕਸ਼ਨ ਦੀ ਝਲਕ



**Khalsa High School Mahilpur**
X Class Section B (1957-58)

**Sitting :** Jaswant Singh, Chanan Ram, Piara Singh, Raghbir Singh, Gurmit Singh, Shamsher Singh, Nirmal Singh.

**Chairs :** S. Jagat Singh Khabra-Clerk, Giani Mehar Singh-Pb. Teacher, S. Jagat Singh-P.T.I., Pt. Ram Tirath B.A.,B.T., S. Gurdit Singh Bedi B.A. (Hons.) B.T.-Headmaster, S. Ajit Punia B.A.,B.T., Sh. Bhagat Ram-Drawing Master, S. Jagat Singh-S.V., Pt. Madan Lal Shastari.


**1st.Row** : Harbhajan Singh, Hardyal Singh, Telu Ram, Kali Dass, Avtar Singh, Madan Lal, Sansar Chand, Mohinder Singh, Baldev Singh, Joginder Singh, Mohan Singh, Ajaib Singh, Paramjit Singh.

**2nd.Row** : Kabal Ram, Sadhu Singh, Jhalman Singh, Piara Singh, Gurmail Singh, Chanan Singh, Ram Piara, Balbir Singh, Jit Singh, Swarn Singh, Amrik Singh.


**3rd Row** : Gurcharan Singh, Jaswant Singh, Udham Singh, Dara Singh, Dilbag Singh, Harbhajan Singh, Manohar Lal, Darshan Singh, Garib Dass, Parkash Chand Chandeli.

Photo : Doaba Studio, Hoshiarpur

ਮਿਹਰਬਾਨ ਮਾਸਟਰ ਰਣਧੀਰ ਸਿੰਘ ਦੀ ਸੇਵਾ ਮੁਕਤੀ ਯਾਦਗਾਰ



ਆਓ ਇਨ੍ਹਾਂ ਬਜ਼ੁਰਗਾਂ ਨੂੰ ਸਿਜਦਾ ਕਰੀਏ




**MANAGING COMMITTEE**

KHALSA HIGHER SECONDARY SCHOOL MAHILPUR (HOSHIARPUR)

S. Puran Singh Anadpuri, Capt. Bhag Singh I.M.C. Mahilpur, S. Babu Singh, P.E.S. Retd. Mahilpur, Principal Harbhajan Singh, Manager-Mahilpur, Bhai Piara Singh Canadian of Langeri ( Vice-President), Lieut. Manohar Singh Secretary,Mahilpur, Giani Ram Singh Mahilpur, S. Milkha Singh Mahilpur, S. Sawaran Singh Paldi.

Photo : Hargobind Press, Hoshiarpur, Shad Studio, Mahilpur.



ਕਾਲਜ ਨਾਲ ਸੰਬੰਧਤ ਸੱਜਣ



ਸੱਚੇ ਸੁੱਚੇ ਕਿਰਤੀ ਤੇ ਉਨ੍ਹਾਂ ਦੀ ਫ਼ਸਲ



**STAFF & GRADUATES OF**
**S. G. G. S. KHALSA COLLEGE, MAHILPUR**
AT COLLEGE CONVOCATION, ON 06.05.1949

**Chairs :** Bibi Amar Kaur, Mrs. S.K. Sachdeva, Prof. Jagjit Singh, S.Harbhajan Singh (Principal), Gyani Gurmukh Singh Mussafir- P.P.C.C. & Mem. Constituent Assembly,Prof. Sujan Singh (Vice -Pl.), Prof. Sadhu Sawroop Singh, Prof. Bakhshi Raghunath Sahai, Prof. Sohan Singh.

**1st Row :** Prof. Avtar Singh, Prof. Vijay Chander, Prof. Dwinjindra Lal Sharma, Prof. Girdhari Lal. Prof. Harnam Dass, S. Joginder Singh D.P.E., Prof. Kartar Singh, Prof. Prem Chand Sexena, Gyani Amar Singh.

**2nd Row :** Narinder Singh Poonia, Gurbaksh Singh, Joginder Singh Bains, Tara Singh, Chanchal Singh, Kartar Singh, Payaray Lall Sharma, Karam Singh, Harbhajan Singh, Pt. Om Parkash, Demonstrator.

**3rd Row :** Jacdev Singh, Waryam Singh.

Photo : Crystal Studio, Hoshiarpur.

ਉੱਘੀਆਂ ਸ਼ਖ਼ਸੀਅਤਾਂ ਤੇ ਵਿਦਿਆਰਥੀ



## STAFF AND GRADUATE OF S. G. G. S. KHALSA COLLEGE MAHILPUR

**AT COLLEGE CONVOCATION ON 19.06.1951**

**Chairs :** Bibi Upinder Kaur, Prof. Prem Chand, Prof. Jagjit Singh, S. Harbhajan Singh (Principal), S. Teja Singh (Principal, Mohindera College, Patiala), Prof. Sujan Singh (Vice-Pl), Prof. Sohan Singh, Prof. Sadhu Sawroop Singh.

**1st Row** : Avtar Singh Dhillon, Prof. Vidya Datta, Prof. Avtar Singh, ProF. Gurdip Singh, Prof. Girdhari Lal, Prof. Amar Singh. Prof. Parshotam Lal Malhotra, Prof. Jainti Parshad, Prof. Kartar Singh, Prof. Arjan Singh.

**2nd Row** : Kartar Singh Chney, Bant SinGh Bains, Atma Singh, Harcharan Singh, Chain Singh, Fakir Mohd. Kidar Nath, Om Parkash, Shamsher Singh.



ਵਿਦਿਆਰਥੀ ਉਸ ਵੇਲੇ ਦੇ ਮੰਤਰੀ ਤੇ ਆਪਣੇ ਮਾਣਯੋਗ ਗੁਰੂ ਨਾਲ



## S.G.G.S. KHALSA COLLEGE , MAHILPUR

**Held on 06.03.1954**

**Chairs :** S. Babu Singh( P.E.S.Retd) Librarian, Prof. Jagjit Singh, S. Harbhajan Singh M.L.A.,(Principal), S. Partap Singh Kairon (Development Minister Punjab), S. Sujan Singh (Vice-Principal), Prof. Amolak Ram, Prof.

**1st Row:** Prof. Hardyal Singh, Prof. Arjan Singh, Prof. Kartar Singh, Prof. Amar Singh, Prof. Avtar Singh, Prof. Balraj Singh, Prof. Mohan Datt, Prof. Chanchal Singh(P.E.S.), Accountant, Prof. Surjit Singh, Prof. Hardyal Singh Bedi.

**2nd Row** : Sewak Raj Mahajan Graduate, Karnail Singh Graduate, Mohan Singh Graduate, Sohan Singh Graduate, Atma Singh Graduate,S. Mohinder Singh Demonstrator.

**3rd Row** : Tara Singh Graduate, Hans Raj Graduate, Gian Chand Hallon Graduate, Bhagat Ram Graduate, Gulzar Singh Graduate.

Shad Studio, Mahilpur.



**PHOTO TAKEN ON THE OCCASION OF CONVOCATIO OF S. G. G. S. KHALSA COLLEGE, MAHILPUR HELD ON 17.02.1955**

**Chair :** S. Kuldip Singh (M.M.C.), S. Narinder Singh (Secretary), Bhai Piara Singh (Vice President), Sant Hari Singh (President), Dr. Tarlochan SinghPh.D.Bar- at-Law (Director of public instruction punjab), S.Harbhajan Singh M.L.A. (Principal) S. Amar Singh (Gen. Sec.), Lt. Manohar Singh (Manager), S. Shiv Singh (Treasurer)

**1st Row** :Dr. Kishan Singh (Mem.), Hav. Divan Singh (Mem.), S. Piara Singh Khabra (M.M.C.), S. Beant Singh (M.M.C.), S. Karam Singh B.A.,L.L.B. (M.M.C.), S. Babu Singh P.E.S. Retd. (M.M.C.), S. Siri Ram Singh (M.M.C.). S. Sohan Singh Rtd.DSP.

**2nd Row :** S.Kabal Singh, S. Labh Singh (Mem.), S.Gian Singh (Mem.), S. Chanda Singh (Mem.), S.Bhagat Singh (M.M.C.), Ch. Kartar Chand M.M.C.

Shad Studio, Mahilpur.







**Photo Taken on The Occasion Of Convocation Of S. G. G. S. KHALSA COLLEGE, MAHILPUR (HOSHIARPUR)**

Held On 30.06.1957

**Chairs** : S. Mohinder Singh, Lt. S. Manohar Singh, S. Husnak Singh, P. S. Gill, Principal Harbhajan Singh, Bhai Shaib Piara Singh, S. Amar singh (Gen. Sey), S. Beant Singh.

**Standing :** S. Charan Singh, S. Santokh Singh, S. Hardial Singh, Ch. Kartar Chand, S. Baldev Singh, S. Narinder Singh, S. Bhagat Singh, S. Piara Singh, Gyani Ram Singh, S. Daya Singh.



**EDITORIAL BOARD**
**S. G. G. S. KHALSA COLLEGE, MAHILPUR.**
**SESSION 1956-57.**


**Chairs :** Prof. Bakhshish Singh 'Nijjar' M.A. (Incharge Urdu Section), Prof. Amar Singh M.A. (Incharge Panjabi Section), Prof. Rajinder Nath Seth M.A. (Editor-In-Chief & Incharge English Section), Prof. Mohan Datt M.A. (Incharge Hindi Section).

**Standing :** Mr. Gurdip Singh Bains (Editor Urdu Section), Mr. Ajaib Kamal ( Editor Panjabi Section), Mr. Dharam Pall piplani (Editor Eglish Section), Mr. Kewal Krishan Sharma (Editor Hindi Section).

Shad Studio, Mahilpur







**A TUTORIAL GROUP OF**
**S. G. G. S. KHALSA COLLEGE MAHILPUR : 1957-58.**

**Chairs :** Kuldip Singh Chandpuri (Secretary), Kewal Singh (The Tutor), Zorawar Singh Minhas, Gurcharan Singh.

**1st Row** : Chhajja Singh, Sarwan Singh Bains, Joginder Singh Minhas, Jarnail Singh Sahota, Mohan Singh, Daljit Singh, Majhail singh Parmar, Ram Murti Sharma, Ajaib Singh.

**2nd Row** : Surinder Singh Bains, Kishan Singh, Harbhajan Singh, Kashmir Singh, Datar Singh, Karnail Singh, Harbant Singh Bains, Anil Kant Puri.

Harjot Press, Shad Studio, Mahilpur.



**"LEST WE FORGET" : PUNJABI SAHITYA SABHA**
**S. G. G. S. KHALSA COLLEGE, MAHILPUR-1958-59.**

**Chairs :** S. Balbir Singh (Asst. Sec.), Pirt Pal (Mem.Exc), Baldev Singh 'Rai' (Gen.Sec), Miss. Sushil (M.A.), Principal Harbhajan Singh (B.A.,B.T.), Prof. Amar Singh M.A. (President), Sohan Singh (Mem.Exc), Permohinder Singh (Mem.Exc), Jagpal Singh (Mem.Exc).

**1st Row** : M.S.Sajan, Balbir Singh, Dalip Chand, Sohan Surinder Singh, Mohinder, Her Mohinder, Resham, Rajinder, Jagdish, Mohinder, Gurmej, Permohinder, Jagdish, Sohan Singh, Gurmail Singh, Mohinder Singh, Bagicha Singh.

**2nd Row** : Baldev Siongh, Pritam Singh, Chain Singh, Jai Kishan, Kuldip Singh, R.S. Bains, Mehar Singh, Balbir Singh, Bhubinder Singh, Gurdev Singh, Harbhajan Singh, A.S. Johal, Sulakhan Singh, Raj Kumar, Sohan Singh, Sarban Singh, Amarjit Singh.

**3rd Row** : Tilak Raj, Tersem Singh, Bidar Singh, Shaja Singh, Raghbir Singh,Harbhajan, Kewal Krishan, Tirath Singh, Mohinder Pal, Balbir Singh, Surjit Singh, Atma Singh, Gurmit Ram, Kesar Singh.

**4th Row** : Saran Dass, Surinder Singh, Jagdish Kumar, Kuldip Singh, Kishan Singh, Ajit Singh, Bihari Lal, Amrik Singh, Kewal Singh, Baldev Singh, Harbhajan Singh.

**5th Row** : Barum Datt, Ajit Singh, Gurmej Singh, Gurdev Singh, Harbhajan Singh, Mahan Singh, Baldev Singh, Dharam Dass.







## ENGLISH GROUP - 'A'
## S. G. G. S. KHALSA COLLEGE, MAHILPUR.
## 2nd YEAR 1958-59.

**Chairs :** Mr. Kapil Dev (B.Sc.), S. Uday Singh (M.A.), S. Baldev Singh 'Minhas' (B. Sc.-Hons.-M.Sc.), S. Tarlok Singh (B.Sc.-Hons.-M.Sc.), S. Jagjit Singh M.A. (Vice-Principal), S. Parkash Singh M.A.(Eng.-Pb.), S. Yashdip Singh B.A.(Hons.) M.A., Mr. Gopal Krishan Lall M.A., Mr. K.K. Bhogal B.Sc.

**1st Row** : Anil Kant Puri, Miss. Mohinder Kaur Sangha, Miss Gurdip Kaur, Miss Har Mohinder Kaur, Miss Rajinder Kaur, Miss Permohinder Kaur, Miss Gurmez Kaur, Miss Vidya, Miss Phoal Vatti, Gian Singh.

**2nd Row** : Harbhajan Singh, Gurdial Singh, Kishan Singh, Prit Paul Singh Bandhesha Manjit Singh Sihota, Narinder Rai, Dilawer Singh Minhas, Manohar Lal Sharma, Kashmir Singh, Ajit Singh Paddi, Kewal Singh Bains, Kuldip Singh Parwana.

**3rd Row** : Chhaja Singh Panchhi, Om Parkash, Shivinder Singh Nijjar, Kuldip Singh Sihota, Santokh Singh Gill, Hari Singh, Sukhdev Singh Bains, Karnail Singh, Dedar Singh Rai, Parminder Aujala, Dara Singh Sandhu.

**4th Row** :-Surinder Singh Bains, Chander Mohan, Ram Parkash, Jarnail Singh Bains, Baldev Bhalla, Sohan Singh.



**S. G. G. S. KHALSA COLLEGE, MAHILPUR (HOSHIARPUR)**
**WINNER OF THE PUNJAB UNIVERSITY FOOT-BALL CHAMPIONSHIP (1960-61)**

**Chairs :** Rabhbir Singh (Captain), Prof. Surjit Singh (President), S. Harbhajan Singh (Principal), 2nd Lt. Harbans Singh (D.P.E.), Jarnail Singh, Sukhdev Singh.

**1st Row** : Baldev Singh, Karnail Singh, Satnam Singh, Joginder Singh, Tarsem Singh, Harbhajan Singh, Iqbal Singh, Nirmal Singh.

**2nd Row** : Jarnail Singh, Harbhajan Singh, Malkit Singh, Kewal Singh, Jagjit Singh, Tarsem Singh, Hargobind Press, Hoshiarpur.

Shad Studio, Mahilpur.







**Principal Harbhajan Singh Memorial Foot-ball TournamentCommittee, Mahilpur**
**Dec. 28, 1964**

**Chairs :** S. Jarnail Singh (D.S.O. Hoshiarpur), S. Gulbarg Singh, S. Babu Singh (Vice-President), Dr. Narinder Paul( President), Sh. Parbodh Chander M.A.(Edu. & Sports Minister), S. Harjap Singh (Ex M.L.A.), S. Bhalinder Singh (D.C.Hoshiarpur), S.Hardyal Singh Bedi (Principal)

**1st Row** : O.P. Shad, S. Raghbir Singh (Football Coach), S. Charan Singh Canadian(Secretary), S. Jagjit Singh Mann (S.H.O. Mahilpur), S. Chanchal Singh, S. Chanan Singh (Cashier),S.Ujagger Singh (Football Coach), S. Baldev Singh, Sh. Hari Om Parkash.

**2nd Row** : S. Balbir Singh, S.Upinder Singh, S. Amarjit Singh Bains (Joint Secretary), Sh. Om Parkash, S. Satwant Singh Bains (Footbal Coach).

Hargobind Press, Jullundur Road, Hoshiarpur
Shad Studio, Mahilpur